Fair Advice Financial Wealth Management Inc. | Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 108 | Thursday, June 02, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਸੀਂ ਅਜੇ ਵੀ ਮਹਾਂਮਾਰੀ ਤੋਂ ਬਾਹਰ ਨਹੀਂ ਨਿਕਲੇ : ਟਰੂਡੋ

ਓਟਵਾ, 1 ਜੂਨ (ਪੋਸਟ ਬਿਊਰੋ) :ਕੋਵਿਡ-19 ਸਬੰਧੀ ਸਰਹੱਦੀ ਪਾਬੰਦੀਆਂ ਵਿੱਚ ਪਿੱਛੇ ਜਿਹੇ ਕੀਤੇ ਗਏ ਵਾਧੇ ਨੂੰ ਜਾਇਜ਼ ਠਹਿਰਾਉਂਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਹ ਫੈਸਲਾ ਸਾਇੰਸ ਦੇ ਅਧਾਰ ਉੱਤੇ ਹੀ ਲਿਆ ਗਿਆ ਹੈ। ਟਰੂਡੋ ਨੇ ਇਹ ਗੱਲ ਉਦੋਂ ਆਖੀ ਜਦੋਂ ਰਾਹਤ ਦੇਣ ਦੀ ਮੰਗ ਲੈ ਕੇ ਟਰੈਵਲ ਤੇ ਟੂਰਿਜ਼ਮ ਸੈਕਟਰ ਓਟਵਾ ਵਿੱਚ ਉਨ੍ਹਾਂ ਨੂੰ ਮਿਲਣ ਗਿਆ।



ਟਰੂਡੋ ਨੇ ਆਖਿਆ ਕਿ ਕੈਨੇਡਾ ਅਜੇ ਵੀ ਮਹਾਂਮਾਰੀ ਦੇ ਦਰਮਿਆਨ ਹੈ ਤੇ ਪਾਬੰਦੀਆਂ-ਜਿਵੇਂ ਕਿ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉੱਤੇ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦੇਣ ਲਈ ਆਖਣਾ ਆਦਿ- ਮੁਕੰਮਲ ਤੌਰ ਉੱਤੇ ਹਟਾਉਣ ਨਾਲ ਟਰੈਵਲ ਸੈਕਟਰ ਨੂੰ ਹੋਰ ਵੀ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ।

ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਲੋਕ ਇਹ ਦਿਖਾਵਾ ਕਰਦੇ ਹਨ ਕਿ ਅਸੀਂ ਮਹਾਂਮਾਰੀ ਤੋਂ ਬਾਹਰ ਆ ਚੁੱਕੇ ਹਾਂ ਜਦਕਿ ਅਜਿਹਾ ਨਹੀਂ ਹੈ। ਉਨ੍ਹਾਂ ਆਖਿਆ ਕਿ ਅਜੇ ਵੀ ਕੈਨੇਡੀਅਨ ਰੋਜ਼ਾਨਾ ਕੋਵਿਡ-19 ਕਾਰਨ ਮਰ ਰਹੇ ਹਨ। ਉਨ੍ਹਾਂ ਅੱਗੇ ਆਖਿਆ ਕਿ ਉਹ ਸਮਝਦੇ ਹਨ ਕਿ ਲੋਕ ਆਪਣੇ ਰੋਜ਼ਮਰਾ ਦੇ ਕੰਮਕਾਰ ਪਹਿਲਾਂ ਵਾਂਗ ਕਰਨ ਲਈ ਕਾਹਲੇ ਹਨ ਪਰ ਜੇ ਇੱਕ ਹੋਰ ਵੇਵ ਆ ਜਾਂਦੀ ਹੈ ਤਾਂ ਸਾਡੀ ਟੂਰਿਜ਼ਮ ਇੰਡਸਟਰੀ ਨੂੰ ਪਹਿਲਾਂ ਨਾਲੋਂ ਵੀ ਵੱਡੀ ਢਾਹ ਲੱਗੇਗੀ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਟਰੈਵਲ ਸਬੰਧੀ ਕਈ ਨੁਕਤੇ ਜਿਵੇਂ ਕਿ ਲੰਮੀਆਂ ਲਾਈਨਾਂ ਤੇ ਦੇਰੀ ਆਦਿ ਨੂੰ ਹਟਾਉਣ ਲਈ ਇੰਡਸਟਰੀ ਗਰੁੱਪਸ ਨੇ ਪ੍ਰੈੱਸ ਕਾਨਫਰੰਸ ਵੀ ਕੀਤੀ ਸੀ ਤੇ ਗਰਮੀਆਂ ਵਿੱਚ ਟਰੈਵਲ ਦਾ ਸੀਜ਼ਨ ਹੋਣ ਕਾਰਨ ਫੈਡਰਲ ਸਰਕਾਰ ਤੋਂ ਇਨ੍ਹਾਂ ਪਾਬੰਦੀਆਂ ਨੂੰ ਹਟਾਉਣ ਦੀ ਮੰਗ ਵੀ ਕੀਤੀ ਗਈ ਸੀ।

## ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਕੀਤਾ ਵਾਧਾ

ਓਟਵਾ, 1 ਜੂਨ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਇੱਕ ਵਾਰੀ ਫਿਰ 50 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਹੁਣ ਇਹ ਵਿਆਜ਼ ਦਰ 1.5 ਫੀ ਸਦੀ ਤੱਕ ਪਹੁੰਚ ਗਈ ਹੈ। ਇਨ੍ਹਾਂ ਵਿਆਜ਼ ਦਰਾਂ ਵਿੱਚ ਇਸ ਲਈ ਵਾਧਾ ਕੀਤਾ ਗਿਆ ਹੈ ਕਿਉਂਕਿ ਬੈਂਕ ਦਾ ਇਹ ਮੰਨਣਾ ਹੈ ਕਿ ਨੇੜ ਭਵਿੱਖ ਵਿੱਚ ਮਹਿੰਗਾਈ ਦੀ ਰਫਤਾਰ ਮੱਠੀ ਹੋਣ ਤੋਂ ਪਹਿਲਾਂ ਇੱਕ ਵਾਰੀ ਹੋਰ ਵਧੇਗੀ।

ਬੈਂਕ ਦਾ ਕਹਿਣਾ ਹੈ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਉਹ ਵਿਆਜ਼ ਦਰਾਂ ਵਿੱਚ ਵਾਧਾ ਕਰਦਾ ਰਹੇਗਾ। ਬੈਂਕ ਨੇ ਇਹ ਵੀ ਆਖਿਆ ਕਿ ਜੇ ਲੋੜ ਪਈ ਤਾਂ ਉਹ ਇਸ ਤੋਂ ਵੀ ਸਖ਼ਤ ਕਾਰਵਾਈ ਕਰਨ ਲਈ ਤਿਆਰ ਹੈ। ਇਸ ਸਮੇਂ ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀਪੀਆਈ) ਵਿੱਚ 70 ਫੀ ਸਦੀ ਵੰਨਗੀਆਂ ਵਿੱਚ ਮਹਿੰਗਾਈ ਦੀ ਦਰ 3 ਫੀ ਸਦੀ ਤੋਂ ਉੱਪਰ ਹੈ। ਅਪਰੈਲ ਦੇ ਮਹੀਨੇ ਸੀਪੀਆਈ 6.8 ਫੀ ਸਦੀ ਤੱਕ ਪਹੁੰਚ ਗਿਆ ਸੀ ਜੋ ਕਿ 31 ਸਾਲਾਂ ਵਿੱਚ ਸੱਭ ਤੋਂ ਜ਼ਿਆਦਾ ਸੀ।

ਬੈਂਕ ਨੇ ਇਹ ਵੀ ਪਾਇਆ ਕਿ ਮਹਿੰਗਾਈ ਦੀ ਰਫਤਾਰ ਐਨੀ ਤੇਜ਼ ਇਸ ਲਈ ਵੀ ਹੈ ਕਿਉਂਕਿ ਰੂਸ ਵੱਲੋਂ



ਯੂਕਰੇਨ ਉੱਤੇ ਹਮਲਾ ਕੀਤਾ ਗਿਆ ਹੈ, ਚੀਨ ਵਿੱਚ ਕੋਵਿਡ ਲਾਕਡਾਊਨ ਕਾਰਨ ਤੇ ਸਪਲਾਈ ਚੇਨ ਵਿੱਚ ਆਉਣ ਵਾਲੇ ਵਿਘਣ ਕਰਕੇ ਵੀ ਗਲੋਬਲ ਅਰਥਚਾਰੇ ਦੀ ਰਫਤਾਰ ਮੱਠੀ ਹੋਣੀ ਸ਼ੁਰੂ ਹੋ ਗਈ ਹੈ। ਯੂਕਰੇਨ ਵਿੱਚ ਜਾਰੀ ਜੰਗ ਕਾਰਨ ਐਨਰਜੀ ਤੇ ਖੇਤੀਬਾੜੀ ਨਾਲ ਜੁੜੀਆਂ ਵਸਤਾਂ ਉੱਤੇ ਦਬਾਅ ਵਧਿਆ ਹੈ। ਬੈਂਕ ਦਾ ਮੰਨਣਾ ਹੈ ਕਿ ਇਸ ਨਾਲ ਯੂਰਪੀਅਨ ਅਰਥਚਾਰੇ ਉੱਤੇ ਨਕਾਰ-ਾਤਮਕ ਅਸਰ ਪੈਣ ਦੀ ਵਧੇਰੇ ਸੰਭਾਵਨਾ ਹੈ।

## ਤੁਲਸਾ ਮੈਡੀਕਲ ਬਿਲਡਿੰਗ ਵਿੱਚ ਹਮਲਾਵਰ ਨੇ ਚਲਾਈਆਂ ਗੋਲੀਆਂ, 4 ਹਲਾਕ



ਤੁਲਸਾ, ਓਕਲਾਹਮਾ, 1 ਜੂਨ (ਪੋਸਟ ਬਿਊਰੋ) ਬੁੱਧਵਾਰ ਨੂੰ ਹਸਪਤਾਲ ਕੈਂਪਸ ਸਥਿਤ ਤੁਲਸਾ ਮੈਡੀਕਲ ਬਿਲਡਿੰਗ ਵਿੱਚ ਇੱਕ ਹਮਲਾਵਰ ਨੇ ਗੋਲੀਆਂ ਚਲਾ ਕੇ ਚਾਰ ਵਿਅਕਤੀਆਂ ਨੂੰ ਮਾਰ ਮੁਕਾਇਆ। ਇਸ ਘਟਨਾ ਵਿੱਚ ਹਮਲਾਵਰ ਵੀ ਮਾਰਿਆ ਗਿਆ। ਇਹ ਜਾਣਕਾਰੀ ਪੁਲਿਸ ਕੈਪਟਨ ਨੇ ਦਿੱਤੀ।

ਤੁਲਸਾ ਪੁਲਿਸ ਡਿਪਾਰਟਮੈਂਟ ਡਿਪਟੀ ਚੀਫ ਐਰਿਕ ਡੈਲਗਲੇਸ਼ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ ਘਟਨਾ ਵਿੱਚ ਚਾਰ ਲੋਕ ਮਾਰੇ ਗਏ ਤੇ ਸ਼ੂਟਰ ਵੀ ਖੁਦ ਨੂੰ ਗੋਲੀ ਮਾਰਨ ਕਾਰਨ ਮਾਰਿਆ ਗਿਆ। ਦੇਸ਼ ਭਰ ਵਿੱਚ ਗੰਨ ਵਾਇਲੰਸ ਦੇ ਸਾਹਮਣੇ ਆ ਰਹੇ ਮਾਮਲਿਆਂ ਵਿੱਚ ਇਹ ਇੱਕ ਹੋਰ ਮਾਮਲਾ ਜੁੜ ਗਿਆ ਹੈ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਘਾਤਕ ਹਮਲਾ ਕਿਉਂ ਕੀਤਾ ਗਿਆ। ਡੈਲਗਲੇਸ਼ ਨੇ ਦੱਸਿਆ ਕਿ ਅਣਪਛਾਤੇ ਹਮਲਾਵਰ ਕੋਲ ਹੈਂਡਗੰਨ ਤੇ ਰਾਈਫਲ ਦੋਵੇਂ ਸਨ। ਫੇਸਬੁੱਕ ਪੋਸਟ ਉੱਤੇ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀ ਬਿਲਡਿੰਗ ਦੇ ਹਰੇਕ ਕਮਰੇ ਵਿੱਚ ਜਾ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਿਸੇ ਹੋਰ ਨੂੰ ਕਿਸੇ ਕਿਸਮ ਦਾ ਖਤਰਾ ਤਾਂ ਨਹੀਂ। ਪੁਲਿਸ ਕੈਪਟਨ ਰਿਚਰਡ ਮੁਲਨਬਰਗ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਹੋਰ ਲੋਕ ਵੀ ਜ਼ਖ਼ਮੀ ਹੋਏ।

## ਬੋਟ ਪਲਟਣ ਕਾਰਨ 2 ਹਲਾਕ, 8 ਹੋਰਨਾਂ ਨੂੰ ਪਾਣੀ ਵਿੱਚੋਂ ਸੁਰੱਖਿਅਤ ਕੱਢਿਆ ਗਿਆ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2



ਟੋਰਾਂਟੋ, 1 ਜੂਨ (ਪੋਸਟ ਬਿਊਰੋ) : ਟੌਮੀ ਥਾਂਪਸਨ ਪਾਰਕ ਨੇੜੇ ਲੇਕ ਓਨਟਾਰੀਓ ਵਿੱਚ ਬੋਟ ਉਲਟਣ ਕਾਰਨ ਦੋ ਵਿਅਕਤੀ ਮਾਰੇ ਗਏ ਜਦਕਿ 8 ਹੋਰਨਾਂ ਨੂੰ ਬਚਾ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਦੇ ਜਾਂਚਕਾਰਾਂ ਵੱਲੋਂ ਦਿੱਤੀ ਗਈ।

...ਬਾਕੀ ਪੰਨਾ 3 'ਤੇ

## ਰੇਲਵੇ ਕਰੌਸਿੰਗ ਨੇੜੇ ਲਾਸ਼ ਮਿਲਣ ਤੋਂ ਬਾਅਦ ਗੋ ਟਰੇਨਜ਼ ਨੂੰ ਰੋਕਿਆ ਗਿਆ

ਬਰੈਂਪਟਨ, 1 ਜੂਨ (ਪੋਸਟ ਬਿਊਰੋ) : ਵੀਰਵਾਰ ਸਵੇਰੇ ਬਰੈਂਪਟਨ ਵਿੱਚ ਰੇਲਵੇ ਕਰੌਸਿੰਗ ਨੇੜੇ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਰੇਲ ਗੱਡੀਆਂ ਨੂੰ ਰੋਕ ਦਿੱਤਾ ਗਿਆ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਮੇਨ ਤੇ ਕੁਈਨ ਇਲਾਕੇ ਵਿੱਚ ਜੌਹਨ ਤੇ ਜੇਮਜ਼ ਸਟਰੀਟਸ ਦੇ ਟਰੇਨ ਟਰੈਕਸ ਨੇੜੇ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਗਈ ਹੈ। ਗੋ ਟਰਾਂਜ਼ਿਟ ਦਾ ਕਹਿਣਾ ਹੈ ਕਿ ਕਿਚਨਰ ਲਾਈਨ ਨੂੰ ਮਾਊਂਟ ਪਲੈਜ਼ੈਂਟ ਗੋ ਸਟੇਸ਼ਨ ਦੇ ਪੂਰਬ ਵੱਲ ਬੰਦ ਕਰ ਦਿੱਤਾ ਗਿਆ ਹੈ ਜਦਕਿ ਪੁਲਿਸ ਬਰੈਂਪਟਨ ਤੇ ਬਰੈਮਲੀ ਸਟੇਸ਼ਨਜ਼ ਦਰਮਿਆਨ ਮਾਮਲੇ ਦੀ ਜਾਂਚ ਕਰ ਰਹੀ ਹੈ।

ਗੋ ਟਰਾਂਜ਼ਿਟ ਵੱਲੋਂ ਟਵੀਟ ਕਰਕੇ ਆਖਿਆ ਗਿਆ ਕਿ ਇਸ ਘਟਨਾ ਕਾਰਨ ਗੱਡੀਆਂ ਚੱਲਣ ਵਿੱਚ ਦੇਰ ਵੀ



ਹੋ ਸਕਦੀ ਹੈ ਤੇ ਕਈ ਗੱਡੀਆਂ ਰੱਦ ਵੀ ਹੋ ਸਕਦੀਆਂ ਹਨ। ਇਹ ਵੀ ਆਖਿਆ ਗਿਆ ਕਿ ਹਾਲਾਤ ਮੁਤਾਬਕ ਸਮੇਂ ਸਮੇਂ ਉੱਤੇ ਜਾਣਕਾਰੀ ਦਿੱਤੀ ਜਾਂਦੀ ਰਹੇਗੀ। ਗੋ ਟਰਾਂਜ਼ਿਟ ਨੇ ਇਹ ਵੀ ਆਖਿਆ ਕਿ ਮਾਲਟਨ ਗੋ ਤੇ ਪੀਅਰਸਨ ਏਅਰਪੋਰਟ ਦਰਮਿਆਨ ਕਮਿਊਟਰਜ਼ ਨੂੰ ਯੂਪੀ ਐਕਸਪ੍ਰੈੱਸ ਨਾਲ ਜੋੜਨ ਲਈ ਬੱਸਾਂ ਚਲਾਈਆਂ ਜਾਣਗੀਆਂ। ਇਹ ਵੀ ਆਖਿਆ ਗਿਆ ਕਿ ਮਾਊਂਟ ਪਲੈਜ਼ੈਂਟ ਗੋ, ਬਰੈਂਪਟਨ ਗੋ ਤੇ ਬਰੈਮਲੀ ਗੋ ਤੋਂ ਵਾਅਨ ਸਥਿਤ ਹਾਈਵੇਅ 407 ਬੱਸ ਟਰਮੀਨਲ ਨਾਲ ਟੀਟੀਸੀ ਨੂੰ ਜੋੜਨ ਲਈ ਬੱਸਾਂ ਵੀ ਚਲਾਈਆਂ ਜਾਣਗੀਆਂ। ਪੁਲਿਸ ਨੇ ਆਖਿਆ ਕਿ ਮਾਮਲਾ ਸ਼ੱਕੀ ਨਹੀਂ ਲੱਗਦਾ।

## ਨਸ਼ੇ ਵਿੱਚ ਚੋਰੀ ਦੀ ਬੀਐਮਡਬਲਿਊ ਚਲਾਉਂਦਾ ਡਰਾਈਵਰ ਕਾਬੂ

ਮਿਸੀਸਾਗਾ, 1 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਿਸੀਸਾਗਾ ਵਿੱਚ ਨਸ਼ਾ ਕਰਕੇ ਗੱਡੀ ਚਲਾ ਰਹੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹ ਜਿਹੜੀ ਗੱਡੀ ਚਲਾ ਰਿਹਾ ਸੀ ਉਹ ਚੋਰੀ ਦੀ ਨਿਕਲੀ।

ਅੱਧੀ ਰਾਤ ਨੂੰ ਪੀਲ ਪੁਲਿਸ ਨੂੰ ਖਬਰਾਂ ਮਿਲੀਆਂ ਕਿ ਹਾਈਵੇਅ 403 ਨੇੜੇ ਐਰਿਨ ਮਿੱਲਜ਼ ਪਾਰਕਵੇਅ ਦੀਆਂ ਦੱਖਣ ਵਾਲੀਆਂ ਲੇਨਜ਼ ਉੱਤੇ ਇੱਕ



ਡਰਾਈਵਰ ਨੀਲੇ ਰੰਗ ਦੀ ਬੀਐਮਡਬਲਿਊ ਚਲਾ ਰਿਹਾ ਹੈ ਤੇ ਉਸ ਨੇ ਗੱਡੀ ਦੀਆਂ ਲਾਈਟਾਂ ਵੀ ਆਨ ਨਹੀਂ ਕੀਤੀਆਂ ਹੋਈਆਂ। ਪੁਲਿਸ ਅਧਿਕਾਰੀ ਇਸ ਸ਼ੱਕੀ ਕਾਰ ਨੂੰ ਰੋਕਣ ਵਿੱਚ ਕਾਮਯਾਬ ਰਹੇ ਤੇ ਉਨ੍ਹਾਂ ਵੱਲੋਂ ਡਰਾਈਵਰ ਨੂੰ ਨਸ਼ੇ ਦੀ ਹਾਲਤ ਵਿੱਚ ਗ੍ਰਿਫਤਾਰ ਕਰ ਲਿਆ ਗਿਆ। 32 ਸਾਲਾ ਇਸ ਡਰਾਈਵਰ ਉੱਤੇ ਨਸ਼ਾ ਕਰਕੇ ਗੱਡੀ ਚਲਾਉਣ ਤੇ ਗੱਡੀ ਚੋਰੀ ਕਰਨ ਦੇ ਚਾਰਜਿਜ਼ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਮੰਗਲਵਾਰ ਨੂੰ ਬਰੈਂਪਟਨ ਤੋਂ ਇੱਕ ਬੀਐਮਡਬਲਿਊ ਚੋਰੀ ਹੋ ਗਈ ਸੀ।

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
Cell: 416-841-4218 Tel: 905-216-5563
AvonFinancial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER

chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਜੁੜੇ ਸਨ ਸੰਤ-ਮਹੰਤ ਕਈ ਕਰਨ ਚਰਚਾ,
ਚਰਚਾ ਧਰਮ ਦੀ ਕਰਨ ਉਹ ਆਏ ਭਾਈ।
ਸੁਣਦਾ ਕੋਈ ਨਹੀਂ ਕਿਸੇ ਦੀ ਗੱਲ ਲੱਗਦਾ,
ਹਰ ਕੋਈ ਆਪਣੀ ਸਮਝ ਬਤਲਾਏ ਭਾਈ।
ਚਰਚਾ ਸ਼ੁਰੂ ਨਹੀਂ ਹੋਈ ਸੀ ਪਿਆ ਰੱਫੜ,
ਲੜਦਿਆਂ ਕੋਲ ਨਾ ਕੋਈ ਵੀ ਜਾਏ ਭਾਈ।
ਕਿਹੜਾ ਮੂਰਖ ਕਿ ਐਵੇਂ ਹੀ ਵਿੱਚ ਵੜ ਕੇ,
ਬੇਗਾਨੇ ਰੱਫੜ ਵਿੱਚ ਸਿਰ ਪੜਵਾਏ ਭਾਈ।
ਨਿਕਲੇ ਘਰਾਂ ਤੋਂ ਜਿਹੜੇ ਸਨ ਸਾਧ ਬਣ ਕੇ,
ਦੁਨਿਆਵੀ ਗੱਲਾਂ ਨੂੰ ਆਏ ਸਨ ਛੱਡ ਭਾਈ।
ਹੋ ਜਾਏ ਹਉਮੈ ਸਵਾਰ ਜਦੋਂ ਸਿਰ ਉੱਪਰ,
ਵਿੰਹਦੇ ਈ ਲੋਕ ਫਿਰ ਅੱਖੀਆਂ ਟੱਡ ਭਾਈ।

**ਤੀਸ ਮਾਰ ਖਾਂ**

# ਸਿੱਧੂ ਮੂਸੇਵਾਲਾ ਕਤਲ ਕੇਸ ਦੀ ਜਾਂਚ ਆਈ ਜੀ ਜਸਕਰਨ ਸਿੰਘ ਦੀ ਅਗਵਾਈ ਵਾਲੀ ਨਵੀਂ ਟੀਮ ਕਰੇਗੀ

ਚੰਡੀਗੜ੍ਹ, 1 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂਮੂਸੇਵਾਲਾਦੇ ਕਤਲ ਕੇਸ ਦੀ ਜਾਂਚ ਨੂੰ ਹੋਰ ਤੇਜ਼ ਕਰਨ ਲਈ ਪੰਜਾਬ ਪੁਲਸ ਦੇ ਡੀਜੀਪੀ, ਵੀਕੇ ਭਾਵਰਾ ਨੇ ਐਡੀਸ਼ਨਲ ਡੀਜੀਪੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਦੋਬਾਰਾ ਬਣਾਈ ਹੈ। ਪੰਜਾਬ ਪੁਲਸ ਦੇ ਬੁਲਾਰੇ ਮੁਤਾਬਕ ਨਵੀਂ ਵਿਸ਼ੇਸ਼ ਜਾਂਚ (ਐੱਸਆਈਟੀ)ਛੇ ਮੈਂਬਰੀ ਹੋਵੇਗੀ ਤੇ ਇਸ ਦੇ ਨਵੇ ਮੁਖੀ ਇੰਸਪੈਕਟਰ ਜਨਰਲ ਪੁਲਿਸ (ਆਈਜੀਪੀ) ਪੀਏਪੀ ਜਸਕਰਨ ਸਿੰਘ ਅਤੇ ਦੋ ਨਵੇਂ ਮੈਂਬਰਾਂ ਵਿੱਚ ਏਆਈਜੀ, ਏਜੀਟੀਐਫ ਗੁਰਮੀਤ ਸਿੰਘ ਚੌਹਾਨ ਅਤੇ ਜ਼ਿਲਾ ਮਾਨਸਾ ਦੇ ਐੱਸ ਐੱਸ ਪੀ ਗੌਰਵ ਤੂਰਾ ਹੋਣਗੇ। ਇਸ ਦੇ ਨਾਲ ਐੱਸਪੀ ਇਨਵੈਸਟੀਗੇਸ਼ਨ ਮਾਨਸਾ ਧਰਮਵੀਰ ਸਿੰਘ, ਡੀਐੱਸਪੀ ਇਨਵੈਸਟੀਗੇਸ਼ਨ ਬਠਿੰਡਾ ਵਿਸ਼ਵਜੀਤ ਸਿੰਘ ਅਤੇ ਇੰਚਾਰਜ ਸੀਆਈਏ



ਮਾਨਸਾ ਪ੍ਰਿਥੀਪਾਲ ਸਿੰਘ ਮੈਂਬਰ ਬਣਾਏ ਹਨ। ਡੀਜੀਪੀ ਨੇ ਕਿਹਾ ਕਿ ਐੱਸ ਆਈਟੀ ਰੋਜ਼ਾਨਾ (ਡੇਅ ਟੂ ਡੇਅ) ਆਧਾਰ ਉੱਤੇ ਜਾਂਚ ਕਰੇਗੀ, ਇਸ ਕਤਲ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਜਾਂਚ ਪੂਰੀ ਹੋਣ ਉੱਤੇ ਇਸ ਦੀ ਰਿਪੋਰਟ ਅਦਾਲਤ ਪੇਸ਼ ਕਰੇਗੀ। ਲੋੜ ਪੈਣ ਉੱਤੇ ਇਹ ਐੱਸਆਈਟੀ ਕਿਸੇ ਹੋਰ ਪੁਲਿਸ ਅਧਿਕਾਰੀ ਨੂੰ ਨਾਲ ਜੋੜ ਸਕਦੀ ਅਤੇ ਡੀਜੀਪੀ ਦੀ ਪ੍ਰਵਾਨਗੀ ਨਾਲ ਕਿਸੇ ਮਾਹਰ ਦੀ ਮਦਦ ਲੈ ਸਕਦੀ ਹੈ।ਵਰਨਣ ਯੋਗ ਹੈ ਕਿ ਸ਼ੁਭਦੀਪ ਸਿੰਘ ਉਰਫ ਸਿੱਧੂਮੂਸੇਵਾਲਾਬੀਤੇ ਐਤਵਾਰ ਆਪਣੇ ਦੋ ਸਾਥੀਆਂ ਗੁਰਵਿੰਦਰ ਸਿੰਘ (ਗੁਆਂਢੀ) ਅਤੇ ਗੁਰਪ੍ਰੀਤ ਸਿੰਘ (ਚਚੇਰੇ ਭਰਾ) ਨਾਲ ਘਰੋਂ ਨਿਕਲਿਆ ਸੀ ਤੇ ਉਸ ਨੂੰ ਕੁਝ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਇਸ ਦੌਰਾਨ ਸਿੱਧੂਮੂਸੇਵਾਲਾ ਕਤਲ ਕੇਸ ਵਿੱਚ ਜ਼ਿਲਾ ਮਾਨਸਾ ਪੁਲਿਸ ਨੇ 2 ਗੈਂਗਸਟਰ ਬਠਿੰਡਾ ਤੇ ਫਿਰੋਜ਼ਪੁਰ ਜੇਲ੍ਹਾਂ ਤੋਂ ਦੋ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਰਿਮਾਂਡ ਉੱਤੇ ਲਿਆਂਦੇ ਹਨਅਤੇ ਉਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ।ਇਹ ਦੋਵੇਂ ਪਿਛਲੇ ਸਾਲਗੈਂਗਸਟਰ ਕੁਲਬੀਰ ਨਰੂਆਣਾ ਦੇ ਕਤਲ ਕੇਸ ਦੇ ਦੋਸ਼ੀ ਹਨ। ਪੰਜਾਬ ਪੁਲਿਸ ਨੇ ਪਿਛਲੇ ਸੋਮਵਾਰ ਇੱਕ ਸ਼ੱਕੀ ਦੋਸ਼ੀ ਮਨਪ੍ਰੀਤ ਸਿੰਘ ਭਾਊ ਨੂੰ ਦੇਹਰਾਦੂਨ ਤੋਂ ਗ੍ਰਿਫ਼ਤਾਰ ਕੀਤਾ ਸੀ ਤੇ ਕੱਲ੍ਹ ਉਸਨੂੰ ਮਾਨਸਾ ਅਦਾਲਤ ਵਿੱਚ ਪੇਸ਼ ਕਰ ਕੇ ਪੰਜ ਦਿਨਾਂ ਰਿਮਾਂਡ ਲਿਆ ਸੀ।ਉਸ ਉੱਤੇ ਹਮਲਾਵਰਾਂ ਨੂੰ ਇਸ ਕਤਲਲਈ ਗੱਡੀਆਂ ਤੇ ਹਥਿਆਰ ਪੇਸ਼ ਕਰਨ ਦਾ ਦੋਸ਼ ਹੈ। ਫਰੀਦਕੋਟ ਦਾ ਰਹਿਣ ਵਾਲਾ ਮਨਪ੍ਰੀਤ ਸਿੰਘ ਭਾਊ ਇੱਕ ਵੱਡੇ ਗੈਂਗਸਟਰ ਮੰਨਾ ਦਾ ਰਿਸ਼ਤੇਦਾਰ ਹੈ।ਪੁਲਸ ਸੂਤਰਾਂ ਅਨੁਸਾਰ ਸਿੱਧੂ ਮੂਸੇਵਾਲਾ ਦੇਕਤਲ ਲਈ ਜੋ ਕਰੋਲਾ ਕਾਰ ਵਰਤੀ ਗਈ, ਉਹ ਜੇਲ੍ਹ ਵਿੱਚ ਬੰਦ ਗੈਂਗਸਟਰ ਮੰਨਾ ਦੀ ਹੈ, ਜਿਸ ਨੇ ਆਪਣੇ ਰਿਸ਼ਤੇਦਾਰ ਨੂੰ ਇਹ ਕਾਰ ਹਮਲਾਵਰਾਂ ਨੂੰ ਦੇਣ ਲਈ ਕਿਹਾ ਸੀ।

# ਵਟਸਐਪ ਨੇ ਅਪ੍ਰੈਲ ਵਿੱਚ 16 ਲੱਖ ਭਾਰਤੀ ਯੂਜ਼ਰਜ਼ ਦੇ ਅਕਾਊਂਟਸ ਉੱਤੇ ਪਾਬੰਦੀ ਲਾਈ

ਨਵੀਂ ਦਿੱਲੀ, 1 ਜੂਨ, (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟਫਾਰਮ ਵਾਟਸਐਪ ਨੇ ਬੀਤੇ ਅਪ੍ਰੈਲਦੌਰਾਨ ਭਾਰਤੀਆਂ ਦੇ 16 ਲੱਖ ਖਾਤਿਆਂ ਉੱਤੇ ਪਾਬੰਦੀ ਲਾ ਦਿੱਤੀ ਹੈ। ਇਸ ਦਾ ਮਕਸਦ ਇਸ ਐਪ ਉੱਤੇ ਹਾਨੀਕਾਰਕ ਹਰਕਤਾਂ ਨੂੰ ਰੋਕਣਾ ਸੀ।ਵਾਟਸਐਪ ਨੇ ਮਾਸਿਕ ਰਿਪੋਰਟ ਜਾਰੀ ਕਰਕੇ ਇਸ ਗੱਲ ਦੱਸੀਅਤੇ ਕਿਹਾ ਹੈ ਕਿ ਕੰਪਨੀ ਨੇ ਵਾਟਸਐਪ ਉੱਤੇ ਅਜਿਹੀਆਂ ਹਾਨੀਕਾਰਕ ਗਤੀਵਿਧੀਆਂ ਰੋਕਣ ਲਈ ਯੂਜ਼ਰਸਵੱਲੋਂ ਆਈਆਂਸ਼ਿਕਾਇਤਾਂ ਦੇ ਆਧਾਰ ਉੱਤੇ 16.66 ਲੱਖ ਭਾਰਤੀ ਯੂਜ਼ਰਜ਼ ਦੇ ਖਾਤਿਆਂ ਉੱਤੇ ਪਾਬੰਦੀ ਲਾ ਦਿੱਤੀ ਹੈ।

ਇਸ ਸੰਬੰਧ ਵਿੱਚ ਵਾਟਸਐਪ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ, 'ਅਸੀਂ ਖਾਸ ਤੌਰ ਉੱਤੇ ਰੋਕਥਾਮ ਉੱਤੇ ਧਿਆਨ ਕੇਂਦਰਿਤ ਕਰ ਰਹੇ ਹਾਂ, ਕਿਉਂਕਿ ਸਾਡੀ ਸੋਚ ਹੈ ਕਿ ਨੁਕਸਾਨਦੇਹ ਹਰਕਤਾਂਰੋਕਣ ਲਈ ਪਿੱਛੋਂ ਕਾਰਵਾਈ ਕਰਨ ਨਾਲੋਂ ਇਹ ਹਰਕਤਾਂ ਨਾ ਹੋਣ ਦੇਣਾਵੱਧ ਚੰਗਾ ਹੈ।'ਇਨ੍ਹਾਂਕੇਸਾਂ ਵਿੱਚਯੂਜਰਜ਼ ਦੇ ਖਾਤੇ ਬੰਦ ਕਰਨੇ ਪੈ ਰਹੇ ਹਨ, ਜਿੱਥੇ ਇਹ ਮਹਿਸੂਸ ਹੁੰਦਾ ਹੈ




ਕਿ ਯੂਜ਼ਰਜ਼ ਦੀਆਂ ਕਾਰਵਾਈਆਂ ਸਹੀ ਨਹੀਂ ਹਨ।

ਪਿਛਲੇ ਮਾਰਚ ਵਿੱਚ ਕੰਪਨੀ ਨੇ ਭਾਰਤ ਦੇ ਕਰੀਬ 18.05 ਲੱਖਯੂਜ਼ਰਜ਼ ਦੇ ਖਾਤੇ ਬੈਨ ਕੀਤੇ ਸਨ। ਇਹ ਇਸ ਪਲੇਟਫਾਰਮ ਉੱਤੇਲੋਕਾਂ ਦੀਆਂ ਸ਼ਿਕਾਇਤਾਂ ਤੇ ਸੇਵਾ ਸ਼ਰਤਾਂ ਦੀ ਉਲੰਘਣਾ ਨੂੰ ਰੋਕਣ ਦੀ ਅੰਦਰੂਨੀ ਸਰਗਰਮੀ ਵਜੋਂ ਕੀਤਾ ਗਿਆ ਸੀ। ਪਹਿਲਾਂ ਫਰਵਰੀ ਵਿੱਚ 14.26 ਲੱਖ ਭਾਰਤੀ ਲੋਕਾਂ ਦੇ ਖਾਤੇ ਬੰਦੇ ਕੀਤੇ ਅਤੇ 1 ਤੋਂ 28 ਫਰਵਰੀ ਦੇ ਵਿਚਾਲੇ 335 ਸ਼ਿਕਾਇਤਾਂ ਦੀਆਂ ਰਿਪੋਰਟਾਂ ਮਿਲੀਆਂ ਅਤੇ 21 ਖਾਤਿਆਂ ਉੱਤੇ ਕਾਰਵਾਈ ਕੀਤੀ ਸੀ। ਕੁੱਲ ਰਿਪੋਰਟਾਂ ਵਿੱਚੋਂ 194 ਪਾਬੰਦੀ ਲਾਉਣ ਦੀਆਂ ਅਪੀਲਾਂ ਬਾਰੇ ਸਨ, ਜਦੋਂ ਕਿ ਹੋਰ ਸ਼ਿਕਾਇਤਾਂ ਵੱਖ-ਵੱਖ ਕਿਸਮ ਦੀਆਂ ਸਨ।

# ਬੋਟ ਪਲਟਣ ਕਾਰਨ 2 ਹਲਾਕ, 8 ਹੋਰਨਾਂ ਨੂੰ ਪਾਣੀ ਵਿੱਚੋਂ ਸੁਰੱਖਿਅਤ ਕੱਢਿਆ ਗਿਆ

ਪੰਨਾ 1 ਦਾ ਬਾਕੀ

ਇੱਕ ਬਿਆਨ ਅਨੁਸਾਰ ਰਾਤੀਂ 12:30 ਵਜੇ ਦੇ ਨੇੜੇ ਤੇੜੇ ਐਸ਼ਬ੍ਰਿੱਜ ਬੇਅ ਤੋਂ ਥੋੜ੍ਹੀ ਦੂਰੀ ਉੱਤੇ ਨੌਰਥਈਸਟ ਵੱਲ ਜਾ ਰਹੀ ਬੋਟ ਇੱਕ ਰੌਕ ਆਈਲੈਂਡ ਨਾਲ ਟਕਰਾ ਜਾਣ ਕਾਰਨ ਉਲਟ ਗਈ। ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ। ਟੋਰਾਂਟੋ ਪੁਲਿਸ ਤੇ ਫਾਇਰ ਮਰੀਨ ਯੂਨਿਟਸ ਵੱਲੋਂ ਹਾਦਸੇ ਦੇ ਤੁਰੰਤ ਬਾਅਦ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਅੱਠ ਵਿਅਕਤੀਆਂ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਗਿਆ ਪਰ ਦੋ ਹੋਰਨਾਂ ਨੂੰ ਤਲਾਸ਼ਿਆ ਨਹੀਂ ਜਾ ਸਕਿਆ। ਜਦੋਂ ਬੋਟ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਇੱਕ 25 ਸਾਲ ਮਹਿਲਾ ਤੇ 34 ਸਾਲਾ ਪੁਰਸ਼ ਮ੍ਰਿਤਕ ਪਏ ਮਿਲੇ। ਅਜੇ ਵੀ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਨੈਸ਼ਨਲ ਹੈਰਾਲਡ ਕੇਸ: ਈ ਡੀ ਨੇ ਸੋਨੀਆ ਗਾਂਧੀ ਅਤੇ ਰਾਹੁਲ ਨੂੰ ਪੇਸ਼ੀ ਲਈ ਸੰਮਨ ਭੇਜਿਆ

ਨਵੀਂ ਦਿੱਲੀ, 1 ਜੂਨ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਨੈਸ਼ਨਲ ਹੈਰਾਲਡ ਕੇਸਵਿੱਚ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਸੰਮਨ ਭੇਜਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਕੋਲੋਂ 8 ਜੂਨ ਨੂੰ ਪੁੱਛ-ਗਿੱਛ ਕੀਤੀ ਜਾਵੇਗੀ।ਵਰਨਣ ਯੋਗ ਹੈ ਕਿ ਇਹ ਕੇਸ



2015 ਵਿੱਚ ਜਾਂਚ ਏਜੰਸੀ ਨੇ ਬੰਦ ਕਰ ਦਿੱਤਾ ਸੀ ਅਤੇ ਇਸ ਨੂੰ ਇਸ ਹਫਤੇ ਅਚਾਨਕ ਦੋਬਾਰਾ ਖੋਲ੍ਹਿਆ ਗਿਆ ਹੈ।

ਅੱਜ ਏਥੇ ਈ ਡੀ ਵੱਲੋਂ ਸੰਮਨ ਜਾਰੀ ਹੋਣ ਦੀ ਖਬਰ ਉੱਤੇ ਸੀਨੀਅਰ ਕਾਂਗਰਸ ਆਗੂ ਤੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ 'ਅਸੀਂ ਝੁਕਾਂਗੇ ਨਹੀਂ ਅਤੇ ਸਾਹਮਣਾ ਕਰਾਂਗੇ।' ਉਨ੍ਹਾ ਕਿਹਾ, 'ਇਹ ਇਕ ਬੀਮਾਰੀ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਵਿਰੋਧੀ ਨੇਤਾਵਾਂਖਿਲਾਫ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਗੱਲਾਂ ਬਾਰੇ 2014-15 ਤੋਂ ਕਾਰਵਾਈ ਵਾਸਤੇ ਈ ਡੀ ਨੂੰ ਲਾਇਆ ਗਿਆ ਹੈ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਵੀ ਦੋਸ਼ ਲਾਇਆ ਕਿ ਦੇਸ਼ ਨੂੰ ਗੁੰਮਰਾਹ ਕਰਨ ਲਈ ਕਾਂਗਰਸ ਲੀਡਰਸ਼ਿਪ ਵਿਰੁੱਧ ਇਕ ਵਾਰ ਫਿਰ ਸਾਜਿਸ਼ ਰਚੀ ਜਾ ਰਹੀ ਹੈ। ਸੁਰ-ਜੇਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ, "ਮੋਦੀ ਸਰਕਾਰ ਬਦਲੇ ਦੀ ਭਾਵਨਾ ਵਿੱਚ ਅੰਨ੍ਹੀ ਹੋ ਗਈ ਹੈ। ਇਸ ਵਾਰ ਉਸ ਨੇ ਨਵੀਂ ਸਾਜਿਸ਼ ਰਚੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਸੀਨੀਅਰ ਆਗੂ ਰਾਹੁਲ ਗਾਂਧੀ ਨੂੰ ਈਡੀ ਤੋਂ ਨੋਟਿਸ ਜਾਰੀ ਕਰਾਇਆ ਹੈ। ਇਸ ਤੋਂਸਾਫ ਹੈ ਕਿ ਤਾਨਾਸ਼ਾਹ ਡਰ ਗਿਆ ਹੈ।' ਉਨ੍ਹਾਂ ਕਿਹਾ, 'ਅਸੀਂ ਡਰਾਂਗੇ ਨਹੀਂ, ਝੁਕਾਂਗੇ ਨਹੀਂ, ਸੀਨਾ ਠੋਕ ਕੇ ਲੜਾਂਗੇ।'

ਅਸਲ ਵਿੱਚ ਭਾਜਪਾ ਆਗੂ ਸੁਬਰਾਮਣੀਅਮ ਸਵਾਮੀ ਨੇ ਨੈਸ਼ਨਲ ਹੈਰਾਲਡ ਕੇਸ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਮਰਹੂਮ ਕਾਂਗਰਸੀ ਨੇਤਾ ਮੋਤੀ ਲਾਲ ਵੋਰਾ, ਪੱਤਰਕਾਰ ਸੁਮਨ ਦੂਬੇ ਅਤੇ ਟੈਕਨੋਕ੍ਰੇਟ ਸੈਮ ਪਿਤਰੋਦਾ ਉੱਤੇ ਦੋਸ਼ ਲਾਇਆ ਸੀ ਕਿ ਇਨ੍ਹਾਂ ਨੇ 'ਯੰਗ ਇੰਡੀਆ ਲਿਮਟਿਡ' ਰਾਹੀਂ ਗਲਤ ਤਰੀਕੇ ਪੈਸਾ ਲਿਆ ਹੈ। ਇਸ ਕੇਸ ਦੀ ਜਾਂਚ ਈਡੀ ਨੇ ਸਾਲ 2014 ਵਿੱਚ ਸ਼ੁਰੂ ਕੀਤੀ ਸੀ। ਕਾਂਗਰਸ ਇਸ ਕੇਸਬਾਰੇ ਆਖਦੀ ਰਹੀ ਹੈ ਕਿ ਯੰਗ ਇੰਡੀਆ ਲਿਮਟਿਡ ਕੰਪਨੀ ਦਾ ਮਕਸਦ ਮੁਨਾਫਾ ਕਮਾਉਣਾ ਨਹੀਂ, ਇਹ ਸਿਰਫ ਚੈਰਿਟੀ ਲਈ ਬਣਾਇਆ ਗਿਆ ਸੰਗਠਨ ਹੈ।

# ਪੰਜਾਬ ਦੀਆਂ ਸਰਕਾਰੀ ਵੋਲਵੋ ਬੱਸਾਂ ਦਿੱਲੀ ਏਅਰਪੋਰਟ ਤੱਕ ਲਿਜਾਣ ਦੀ ਮਨਜ਼ੂਰੀ ਮਿਲੀ

ਜਲੰਧਰ, 1 ਜੂਨ, (ਪੋਸਟ ਬਿਊਰੋ)- ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀਆਰਟੀਸੀ) ਦੀਆਂ ਵੋਲਵੋ ਬੱਸਾਂ ਅੱਗੇ ਤੋਂ ਇੰਦਰਾ ਗਾਂਧੀ ਇੰਟਰਨੈਸ਼ਨਲ (ਆਈਜੀਆਈ) ਏਅਰਪੋਰਟ ਨਵੀਂ ਦਿੱਲੀ ਤਕ ਚੱਲਣ ਲੱਗਣਗੀਆਂ।ਦਿੱਲੀ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਸਟੇਜ ਕੈਰਿਜ ਪਰਮਿਟ ਹੇਠ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੀਆਂ ਵੋਲਵੋ ਬੱਸਾਂ ਦੇ ਆਈਜੀਆਈ ਏਅਰਪੋਰਟ ਤਕ ਜਾਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਇਸ ਬਾਰੇ ਪੱਤਰ ਅੱਜਦਿੱਲੀ ਸਰਕਾਰ ਦੇ ਟਰਾਂਸਪੋਰਟ ਵਿਭਾਗ ਦੇ ਸੈਕਟਰੀ ਓਪੀ ਮਿਸ਼ਰਾ ਨੇ ਜਾਰੀ ਕੀਤਾ ਹੈ। ਖਾਸ ਗੱਲ ਇਹਕਿ ਦਿੱਲੀ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਪੰਜਾਬ ਤੋਂ ਆਈਜੀਆਈਏਅਰਪੋਰਟ ਨਵੀਂ ਦਿੱਲੀ ਤੱਕ ਆਉਣ-ਜਾਣ ਵਾਲੀਆਂ ਯਾਤਰੀ ਬੱਸਾਂ ਲਈ ਵਿਸ਼ੇਸ਼ ਕਾਰੀਡੋਰ (ਗਲਿਆਰਾ) ਐਲਾਨ ਕੀਤਾ ਹੈ।ਪੱਤਰ ਮੁਤਾਬਕ ਪੰਜਾਬ ਤੋਂ ਦਿੱਲੀਆਉਂਦੀਆਂ ਬੱਸਾਂ ਵਾਇਆ ਸਿੰਘੂ ਬਾਰਡਰ, ਕੈਪਟਨ ਵਿਕਰਮ ਬੱਤਰਾ ਚੌਕ, ਮੁਕਰਬਾ ਚੌਕ




ਮਧੂਬਨ ਚੌਕ, ਜਨਕਪੁਰੀ ਡਿਸਟ੍ਰਿਕਟ ਸੈਂਟਰ, ਧੌਲਾ ਕੂਆਂ ਏਅਰੋਸਿਟੀ ਅੰਡਰ ਪਾਸਤੋਂ ਹੁੰਦੀਆਂ ਆਈਜੀਆਈ ਏਅਰਪੋਰਟ ਸਟੇਜਿੰਗ ਏਰੀਆ ਪੁੱਜਣਗੀਆਂ।ਇਨ੍ਹਾਂ ਬੱਸਾਂ ਲਈ ਪਰੇਸ਼ਾਨੀ ਨਾ ਹੋਵੇ, ਇਸ ਲਈ ਦਿੱਲੀ ਦੇ ਪ੍ਰਿੰਸੀਪਲ ਸੈਕਟਰੀ-ਕਮ-ਕਮਿਸ਼ਨਰ ਦਿੱਲੀ ਟਰਾਂਸਪੋਰਟ ਵਿਭਾਗ, ਸੈਕਟਰੀ ਟਰਾਂਸਪੋਰਟ ਅਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ, ਸਪੈਸ਼ਲ ਕਮਿਸ਼ਨਰ ਦਿੱਲੀ ਟ੍ਰੈਫਿਕ ਪੁਲਿਸ ਤੇ ਜਾਇੰਟਸੈਕਟਰੀ ਟਰਾਂਸਪੋਰਟ ਵਿਭਾਗ ਦਿੱਲੀ, ਸੀਨੀਅਰ ਸਿਸਟਮ ਐਨਾਲਿਸਟ ਟਰਾਂਸਪੋਰਟ ਵਿਭਾਗ ਨਵੀਂ ਦਿੱਲੀ, ਸਹਾਇਕ ਸੈਕਟਰੀ ਐੱਸਟੀਏ (ਸਟੇਟ ਟਰਾਂਸਪੋਰਟ ਅਥਾਰਟੀ), ਨਵੀਂ ਦਿੱਲੀਅਤੇ ਦਿੱਲੀ ਏਅਰਪੋਰਟ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੇ ਸੀਈਓ ਨੂੰ ਇਸ ਬਾਰੇ ਬਾਕਾਇਦਾ ਸੂਚਿਤ ਕੀਤਾ ਗਿਆ ਹੈ। ਪੱਤਰ ਵਿਚ ਵਿਸ਼ੇਸ਼ ਤੌਰ ਉੱਤੇਦਰਜ ਹੈ ਕਿ ਪੰਜਾਬ ਤੋਂ ਹੋਣ ਵਾਲੇ ਬੱਸ ਅਪਰੇਸ਼ਨ ਦੇ ਵਿਸਥਾਰਤ ਤੌਰ-ਤਰੀਕੇ ਬਾਰੇ ਸਟੇਟ ਟਰਾਂਸਪੋਰਟ ਵਿਭਾਗ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦਫਤਰ ਨੂੰ ਦਿੱਲੀ ਦੇ ਟਰਾਂਸਪੋਰਟ ਵਿਭਾਗ ਤੋਂ ਏਅਰਪੋਰਟ ਵੋਲਵੋ ਦੇ ਸੰਚਾਲਨ ਲਈ ਮਿਲੀ ਮਨਜ਼ੂਰੀ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੌਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਕਰੋੜਾਂ ਦੇ ਗ਼ਬਨ ਬਦਲੇ ਪਟਿਆਲਾ ਜ਼ਿਲ੍ਹੇ ਦੀਆਂ ਪੰਜ ਪੰਚਾਇਤਾਂ ਉੱਤੇ ਕੇਸ ਦਰਜ ਕਰਨ ਦੇ ਹੁਕਮ

ਚੰਡੀਗੜ੍ਹ, 1 ਜੂਨ, (ਪੋਸਟ ਬਿਊਰੋ)- ਪਟਿਆਲਾ ਜ਼ਿਲੇ ਦੇ ਬਲਾਕ ਸ਼ੰਭੂ ਕਲਾਂ ਵਿਚਲੀਆਂ ਪੰਚਾਇਤਾਂ ਸੇਹਰਾ, ਸੇਹਰੀ, ਆਕੜੀ, ਪਬਰਾ ਅਤੇ ਤਖਤੂ ਮਾਜਰਾ ਵੱਲੋਂ ਅੰਮ੍ਰਿਤਸਰ-ਕੋਲਕਾਤਾ ਇੰਟੀਗ੍ਰੇਟਿਡ ਕਾਰੀਡੋਰ ਪ੍ਰਾਜੈਕਟ ਅਧੀਨ ਸ਼ਾਮਲਾਟ ਜ਼ਮੀਨ ਤੋਂ ਮਿਲੇ ਪੈਸੇ ਖਰਚਣ ਵਿੱਚ ਕਰੋੜਾਂ ਰੁਪਏ ਦੇ ਗਬਨ ਤੇ ਬੇਨਿਯਮੀਆਂ ਪਿੱਛੋਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੇਸ ਦਰਜ ਕਰਨ ਲਈ ਕਿਹਾ ਹੈ। ਪੰਚਾਇਤ ਮੰਤਰੀ ਨੇ ਜਾਂਚ ਵਿੱਚ ਦੋਸ਼ੀ ਨਿਕਲੇ ਲੋਕਾਂ ਦੇ ਪਾਸਪੋਰਟ ਜ਼ਬਤ ਕਰਨ ਨੂੰ ਵੀ ਕਿਹਾ ਹੈ ਤਾਂ ਜੋ ਦੋਸ਼ੀ ਵਿਦੇਸ਼ ਨਾ ਭੱਜ ਜਾਣ। ਇਸ ਤੋਂ ਇਲਾਵਾ ਮੰਤਰੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੀ ਜਾਇਦਾਦ ਵੀ ਕੇਸ ਨਾਲ ਅਟੈਚ ਕੀਤੀ ਜਾਵੇ ਤਾਂ ਜੋ ਗਬਨ ਦੇ ਪੈਸੇ ਰਿਕਵਰ ਹੋ ਸਕਣ।



ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਲਈ ਬਲਾਕ ਸ਼ੰਭੂ ਕਲਾਂ, ਜ਼ਿਲ੍ਹਾ ਪਟਿਆਲਾ ਦੀਆਂ ਪੰਜ ਪੰਚਾਇਤਾਂ ਦੀ 1104 ਏਕੜ ਜ਼ਮੀਨ: ਪਿੰਡ ਪਬਰਾ ਦੀ 177 ਏਕੜ 3 ਕਨਾਲ 10 ਮਰਲੇ, ਆਕੜੀ ਪਿੰਡ ਦੀ 183 ਏਕੜ 12 ਮਰਲੇ, ਸੇਹਰਾ ਦੀ 492 ਏਕੜ 4 ਕਨਾਲ 15 ਮਰਲੇ, ਤਖਤੂ ਮਾਜਰਾ ਦੀ 48 ਏਕੜ 3 ਕਨਾਲ 18 ਮਰਲੇ ਅਤੇ ਸੇਹਰੀ ਪਿੰਡ ਦੀ 201 ਏਕੜ 7 ਕਨਾਲ ਜ਼ਮੀਨ ਸਾਲ 2020 ਵਿੱਚ ਪੰਜਾਬ ਹਾਊਸਿੰਗ ਤੇ ਅਰਬਨ ਡਿਵੈਲਪਮੈਂਟ ਅਥਾਰਿਟੀ (ਪੁੱਡਾ) ਨੇ 285 ਕਰੋੜ ਰੁਪਏਦੀਲਈ ਸੀ।ਜਾਂਚ ਕਮੇਟੀ ਦੀ ਰਿਪੋਰਟ ਅਨੁਸਾਰ ਗਰਾਮ ਪੰਚਾਇਤ ਪਬਰਾ ਨੂੰ 43.82 ਕਰੋੜ ਰੁਪਏ ਮਿਲੇ ਅਤੇ 1.42 ਕਰੋੜ ਰੁਪਏ ਵਿਆਜ ਮਿਲਾ ਕੇ ਕੁੱਲ 45.24 ਕਰੋੜ ਰੁਪਏ ਬਣੇ। ਵਿਭਾਗ ਦੀਜਾਂਚ ਤੋਂ ਪਤਾ ਲੱਗਾ ਕਿ ਇਸ ਵਿਚੋਂ ਗਰਾਮ ਪੰਚਾਇਤ ਨੇ 13.14 ਕਰੋੜ ਰੁਪਏ ਸੈਕਰੇਟੇਰੀਅਲ ਵੇਜਿਜ ਪੰਚਾਇਤ ਸੰਮਤੀ ਸ਼ੰਭੂ ਕਲਾਂ ਨੂੰ ਤਬਦੀਲ ਕੀਤੇ ਅਤੇ 27.28 ਲੱਖ ਰੁਪਏ ਦੇ ਕੰਮ ਕਰਵਾਏ ਸਨ। ਪੰਚਾਇਤ ਦੇ 31.82 ਕਰੋੜ ਰੁਪਏ ਪੰਚਾਇਤ ਐੱਫਡੀ (ਫਿਕਸਡ ਡਿਪਾਇਜ਼) ਵੱਜੋਂ ਬੈਂਕ ਖਾਤਿਆਂ ਵਿੱਚਸਨ। ਪੰਚਾਇਤ ਤੇ ਓਦੋਂ ਦੇ ਅਫਸਰਾਂ ਨੇ ਬੇਨਿਯਮੀਆਂ ਕੀਤੀਆਂ ਤੇ ਵਿਭਾਗੀ ਹਦਾਇਤਾਂ ਅਨੁਸਾਰ ਪੈਸੇ ਫਿਕਸ ਡਿਪਾਜ਼ਿਟ ਨਹੀਂ ਕਰਾਏਅਤੇ ਪ੍ਰਬੰਧਕੀ ਪ੍ਰਵਾਨਗੀ ਵੀ ਨਹੀਂ ਲਈ। ਜਾਂਚ ਕਮੇਟੀ ਰਿਪੋਰਟ ਅਨੁਸਾਰ ਓਦੋਂ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਪਿੰਡਾਂ ਦੇ ਪੰਚਾਂ ਅਤੇ ਬਿੱਲ ਜਾਰੀ ਕਰਨ ਵਾਲੀਆਂ ਫਰਮਾਂ ਇਸ ਘਪਲੇ ਲਈ ਕਸੂਰਵਾਰ ਹਨ ਅਤੇ ਇਨ੍ਹਾਂ ਦਾ ਦੋਸ਼ ਸਿੱਧ ਹੁੰਦਾ ਹੈ।

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਮੋਰਿੰਡਾ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਕੀਤਾ ਉਦਘਾਟਨ

ਚੰਡੀਗੜ੍ਹ/ਮੋਰਿੰਡਾ, 1 ਜੂਨ (ਪੋਸਟ ਬਿਊਰੋ): ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਅੱਜ ਚੰਡੀਗੜ -ਲੁਧਿਆਣਾ ਰੋਡ (ਪੁਰਾਣਾ ਐਨਐਚ-95) 'ਤੇ ਸਰਹਿੰਦ - ਨੰਗਲ ਡੈਮ-ਅੰਬਾਲਾ ਰੇਲ ਮਾਰਗ ਵਿਖੇ ਰੇਲਵੇ ਅੰਡਰ ਬ੍ਰਿਜ ਦਾ ਉਦਘਾਟਨ ਕੀਤਾ। ਇਸ ਮੌਕੇ ਉਤੇ ਵਿਧਾਇਕ ਡਾ: ਚਰਨਜੀਤ ਸਿੰਘ ਵੀ ਮੌਜੂਦ ਸਨ।





ਇਸ ਮੌਕੇ ਜਾਣਕਾਰੀ ਦਿੰਦਿਆਂ ਹਰਭਜਨ ਸਿੰਘ ਨੇ ਦੱਸਿਆ ਕਿ ਸਥਾਨਕ ਲੋਕਾਂ ਵੱਲੋਂ ਮੌਜੂਦਾ ਸਮੇਂ ਵਿੱਚ ਲੈਵਲ ਕਰਾਸਿੰਗ ਬੰਦ ਹੋਣ ਕਾਰਨ ਕਾਫੀ ਸਮਾਂ ਬਰਬਾਦ ਹੋ ਜਾਂਦਾ ਹੈ ਇਸ ਲਈ ਅੰਡਰ ਬ੍ਰਿਜ( ਆਰ.ਯੂ.ਬੀ.) ਦੇ ਨਿਰਮਾਣ ਅਤੇ ਵਰਤੋਂ ਲਈ ਭਾਰੀ ਮੰਗ ਹੈ । ਇਸ ਨਾਲ ਵਾਤਾਵਰਣ ਪ੍ਰਦੂਸ਼ਣ ਵਿੱਚ ਕਮੀ ਆਵੇਗੀ। ਇਸ ਪੁਲ ਨਾਲ ਸ਼ਹਿਰ ਵਾਸੀਆਂ ਅਤੇ ਹੋਰ ਇਲਾਕਿਆਂ ਤੋਂ ਮੋਰਿੰਡਾ ਆਉਣ ਜਾਣ ਵਾਲੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਸੰਬੋਧਨ ਕਰਦਿਆਂ ਉਨਾਂ ਦੱਸਿਆ ਕਿ ਇਹ ਪ੍ਰੋਜੈਕਟ ਰੇਲਵੇ ਅਤੇ ਪੰਜਾਬ ਸਰਕਾਰ ਦਰਮਿਆਨ 50:50 ਫੀਦਸ ਦੀ ਲਾਗਤ ਨਾਲ ਸਾਂਝੇਦਾਰੀ ਦੇ ਆਧਾਰ 'ਤੇ 22 ਕਰੋੜ ਰੁਪਏ ਦੀ ਲਾਗਤ ਨਾਲ ਚਲਾਇਆ ਜਾ ਰਿਹਾ ਹੈ। ਉਨਾਂ ਦੱਸਿਆ ਕਿ ਬ੍ਰਿਜ ਦੇ ਵਾਇਆ-ਡਕਟ ਦਾ ਕੰਮ ਪੂਰਾ ਹੋ ਗਿਆ ਹੈ ਅਤੇ ਸਰਵਿਸ ਰੋਡ ਦਾ ਨਿਰਮਾਣ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਜਲਦੀ ਹੀ ਪੂਰਾ ਹੋਣ ਦੀ ਸੰਭਾਵਨਾ ਹੈ।

ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪੰਜਾਬ ਨੂੰ ਪਾਰਦਰਸ਼ੀ ਪ੍ਰਣਾਲੀ ਦੇਣ ਲਈ ਪੂਰੀ ਤਰਾਂ ਵਚਨਬੱਧ ਹਨ। ਉਨਾਂ ਕਿਹਾ ਕਿ ਸਾਡੇ ਸਾਰੇ ਮੰਤਰੀ ਅਤੇ ਵਿਧਾਇਕ ਪਾਰਦਰਸ਼ੀ ਪ੍ਰਣਾਲੀ ਤਹਿਤ ਕੰਮ ਕਰਨਗੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਇਹ ਵੀ ਵਾਅਦਾ ਕੀਤਾ ਕਿ ਸ਼ਹਿਰ ਮੋਰਿੰਡਾ ਦੇ ਸਾਰੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇਗਾ ਅਤੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਮੋਰਿੰਡਾ ਦੇ ਵਿਧਾਇਕ ਡਾ: ਚਰਨਜੀਤ ਸਿੰਘ ਨੇ ਕਿਹਾ ਕਿ ਇਹ ਆਰ.ਯੂ.ਬੀ. ਹਲਕੇ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਸੀ ਅਤੇ ਪਿਛਲੀਆਂ ਸਰਕਾਰਾਂ ਦੇ ਅਣਦੇਖੀ ਵਾਲੇ ਰਵੱਈਏ ਕਾਰਨ ਆਮ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਖਤ ਕਦਮ ਚੁੱਕੇ ਹਨ ਅਤੇ ਉਨਾਂ ਭਰੋਸਾ ਦਿੱਤਾ ਕਿ ਸਾਡੀ ਸਰਕਾਰ ਜਲਦੀ ਹੀ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰੇਗੀ।

ਇਸ ਮੌਕੇ ਡਿਪਟੀ ਕਮਿਸ਼ਨਰ ਰੂਪਨਗਰ ਡਾ: ਪ੍ਰੀਤੀ ਯਾਦਵ, ਲੋਕ ਨਿਰਮਾਣ ਵਿਭਾਗ ਦੇ ਚੀਫ ਇੰਜੀਨੀਅਰ ਸ੍ਰੀ ਅਮਰਦੀਪ ਸਿੰਘ, ਐੱਸ.ਈ. ਰਮਤੇਸ਼ ਸਿੰਘ ਬੈਂਸ, ਐਕਸੀਅਨ ਯੁਵਰਾਜ ਬਿੰਦਰਾ, ਐਕਸੀਅਨ ਜਸਬੀਰ ਸਿੰਘ ਜੱਸੀ, ਐਸ.ਡੀ.ਐਮ. ਮੋਰਿੰਡਾ ਸ. ਜਸਬੀਰ ਸਿੰਘ, ਐਸ.ਡੀ.ਈ.ਐਸ. ਮਨਜੀਤ ਸਿੰਘ ਅਤੇ ਲਖਵਿੰਦਰ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਰੋਬਰਟ ਪੋਸਟ ਸੀਨੀਅਰਜ ਕਲੱਬ ਦੇ ਪ੍ਰਧਾਨ ਤੇ ਕਮੇਟੀ ਦੀ ਚੋਣ ਹੋਈ



ਪਿਛਲੇ ਸਨਿਚਰਵਾਰ ਨੂੰ ਰੋਬਰਟ ਪੋਸਟ ਸੀਨੀਅਰਜ ਕਲੱਬ ਬਰੈਂਪਟਨ ਦੇ ਸਾਰੇ ਮੈਬਰਾਂ ਦਾ ਕਲੱਬ ਦੇ ਪਾਰਕ ਵਿੱਚ ਆਮ ਇਜਲਾਸ ਹੋਇਆ। ਇਸ ਮੀਟਿੰਗ ਦਾ ਏਜੰਡਾ ਪਿਛਲੀ ਕਮੇਟੀ ਦੀ ਮਿਆਦ ਪੂਰੀ ਹੋ ਜਾਣ ਕਾਰਨ ਨਵੇ ਪ੍ਰਧਾਨ, ਹੋਰ ਅਹੁਦੇਦਾਰਾਂ ਤੇ ਡਇਰੈਕਟਰਜ ਦੀ ਚੋਣ ਕਰਨਾ ਸੀ।ਦੋ ਸਾਲ ਕਰੋਨਾ ਮਹਾਂਮਾਰੀ ਦੇ ਔਖੇ ਸਮੇ ਵਿਚੋ ਨਿਕਲ ਚੁੱਕੇ ਸੀਨੀਅਰਜ,ਹੁਣ ਪਾਬੰਦੀਆਂ ਤੋ ਰਹਿਤ ਮਿਲ ਜਾਣ ਤੇ ਕਾਫੀ ਖੁਸ਼ ਨਜਰ ਆ ਰਹੇ ਸਨ।ਕਲੱਬ ਦੇ ਐਡਵਾਈਜ਼ਰ ਪ੍ਰੀਤਮ ਸਿੰਘ ਨੇ ਕਲੱਬ ਦੇ ਸਾਰੇ ਮੈਂਬਰਾ ਨੂੰ ਜੀ ਆਇਆ ਕਿਹਾ ਤੇ ਖਾਸ ਤੌਰ ਤੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਨਵੇ ਮੈਂਬਰਾ ਨੂੰ ਕਲੱਬ ਦਾ ਹਿਸਾ ਬਣਨ ਤੇ ਵਧਾਈ ਦਿੱਤੀ।ਉਹਨਾਂ ਨੇ ਕਰੋਨਾ ਮਹਾਮਾਰੀ ਦੇ ਦਹਿਸ਼ਤ ਵਾਲੇ ਸਮੇ ਦੌਰਾਨ ਵੀ ਕਲੱਬ ਦੇ ਪ੍ਰਧਾਨ ਤੇ ਸਮੂਚੀ ਕਾਰਜ ਕਾਰਨੀ ਵੱਲੋ ਸਾਰੇ ਮੈਂਬਰਾ ਨਾਲ ਰਾਬਤਾ ਕਾਇਮ ਰੱਖਣ, ਤੇ ਉਹਨਾ ਨੂੰ ਕਰੋਨਾ ਤੋ ਬਚਾ ਲਈ ਨਿਯਮਾ ਦੀ ਪਾਲਣਾਂ ਕਰਨ ਲਈ ਲਗਾਤਾਰ ਪ੍ਰੇਰਿਤ ਕਰਦੇ ਰਹਿਣ, ਤੇ ਔਖੇ ਸਮੇ ਵਿਚ ਸਾਰਿਆਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਲਈ ਅਗਵਾਈ ਦੇਣ ਤੇ ਸਮੂਚੀ ਕਮੇਟੀ ਨੂੰ ਵਧਾਈ ਦਿੱਤੀ। ਪ੍ਰਧਾਨ ਬਲਵਿੰਦਰ ਸਿੰਘ ਸਿੱਧੂ ਨੇ ਪਿਛਲੇ ਤਿੰਨ ਸਾਲਾਂ ਦੀਆ ਕਲੱਬ ਦੀਆ ਪ੍ਰਾਪਤੀਆਂ ਤੇ ਗਤੀਵਿਧੀਆ ਬਾਰੇ ਜਾਣਕਾਰੀ ਦਿੱਤੀ, ਜਿਨਾ ਕਰਕੇ ਕਲੱਬ ਨੇ ਸਮੂਚੇ ਬਰੈਂਪਟਨ ਵਿੱਚ ਆਪਣਾ ਵੱਖਰਾ ਮੁਕਾਮ ਹਾਸਲ ਕਰ ਲਿਆ ਹੈ। ਮਹਿੰਦਰ ਸਿੰਘ ਮੋਹੀ ਵੱਲੋ ਵੀ ਕਲੱਬ ਦੀਆਂ ਸਲਾਹੁਣਯੋਗ ਕਾਰਜਾਂ ਖਾਸਕਰ ਸਿਟੀ, ਸਟੇਟ ਤੇ ਨੈਸ਼ਨਲ ਲੈਵਲ ਦੇ ਸਮਰਥ ਅਧਿਕਾਰੀਆ ਤੇ ਚੁਣੇ ਹੋਏ ਨੁਮਾਇੰਦਿਆ ਕੋਲ ਸੀਨੀਅਰਜ ਦੇ ਮਸਲੇ ਉਠਾਉਣ ਤੇ ਉਹਨਾਂ ਦਾ ਹਲ ਕਰਨ ਲਈ ਕੀਤੇ ਗਏ ਯਤਨਾਂ ਦੀ ਜਾਣਕਾਰੀ ਦਿਤੀ।ਉਹਨਾਂ ਵੱਲੋ ਨਵੀ ਚੁਣੀ ਜਾਣ ਵਾਲੀ ਕਮੇਟੀ ਦੇ ਅਹੁਦੇਦਾਰਾਂ ਵਿੱਚ ਲੋਕ ਸੇਵਾ ਦੀ ਭਾਵਨਾ ਦਾ ਹੋਣਾ ਤੇ ਇਸ ਲਈ ਆਪਣੇ ਘਰਾਂ ਦਾ ਟਾਈਮ ਛਡ ਕੇ, ਹਮੇਸ਼ਾਂ ਤਤਪਰ ਰਹਿਣਾ ,ਸੀਨੀਅਰਜ ਦੇ ਭਖਦੇ ਮਸਲਿਆਂ ਦੀ ਜਾਣਕਾਰੀ ਦਾ ਹੋਣਾ ਤੇ ਉਹਨਾ ਨੂੰ ਸਬੰਧਿਤ ਅਧਿਕਾਰੀਆ ਕੋਲ ਦਲੀਲ ਨਾਲ ਪੇਸ਼ ਕਰਨ ਦੀ ਸਮਰੱਥਾ ਦਾ ਹੋਣਾ ਤੇ ਕੰਪਿਊਟਰ ਦਾ ਬੇਸਿਕ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ।ਅਖੀਰ ਵਿੱਚ ਸਾਰੇ ਮੈਂਬਰਾਨ ਵੱਲੋ ਪਿਛਲੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਤੇ ਡਇਰੈਕਟਰਜ ਵੱਲੋ ਉਹਨਾਂ ਦੇ ਕਾਰਜਕਾਲ ਦੌਰਾਨ ਚੰਗੇ ਕੰਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੀ ਸਰਵਸੰਮਤੀ ਨਾਲ ਦੁਬਾਰਾ ਚੋਣ ਕੀਤੀ ਗਈ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਪ੍ਰਧਾਨ:ਬਲਵਿੰਦਰ ਸਿੰਘ ਸਿੱਧੂ, ਉਪ ਪ੍ਰਧਾਨ :ਮਹਿੰਦਰ ਸਿੰਘ ਮੋਹੀ ਸਕੱਤਰ:ਮਨਜੀਤ ਸਿੰਘ ਚਾਹਲ, ਵਿਤ ਸਕੱਤਰ:ਸਤਨਾਮ ਸਿੰਘ ਬਰਾੜ, ਡਇਰੈਕਟਰਜ:ਪ੍ਰੀਤਮ ਸਿੰਘ ਸਰਾਂ,ਅਮਰਜੀਤ ਸਿੰਘ ਸਿੱਧੂ, ਮਹਿੰਦਰ ਸਿੰਘ ਥਿਆੜਾ, ਸ਼ਿਵਦੇਵ ਸਿੰਘ ਮੁਲਤਾਨੀ, ਹਰਵਿੰਦਰ ਸਿੰਘ ਬੈਨੀਪਾਲ, ਸੁਖਵਿੰਦਰ ਕੌਰ ਬਰਾੜ,ਗੁਰਪ੍ਰੀਤ ਕੌਰ ਸਿੱਧੂ।

# ਪੰਜਾਬ ਸਰਕਾਰ ਵੱਲੋਂ ਕਾਗਜ਼ੀ ਸਟੈਂਪ ਪੇਪਰਾਂ ਦਾ ਖ਼ਾਤਮਾ, ਈ-ਸਟੈਂਪ ਸਹੂਲਤ ਦੀ ਸ਼ੁਰੂਆਤ

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਪੰਜਾਬ ਸਰਕਾਰ ਵੱਲੋਂ ਮਾਲ ਵਿਭਾਗ ਦੇ ਕੰਮਕਾਜ ਵਿੱਚ ਹੋਰ ਕੁਸ਼ਲਤਾ ਲਿਆਉਣ ਅਤੇ ਮਾਲੀਏ ਨੂੰ ਲਗਦੇ ਖੋਰੇ ਨੂੰ ਰੋਕਣ ਲਈ ਅਹਿਮ ਫ਼ੈਸਲਾ ਲੈਂਦਿਆਂ ਕਾਗ਼ਜ਼ੀ ਰੂਪ ਵਿੱਚ ਮਿਲਦੇ ਸਟੈਂਪ ਪੇਪਰ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਤੋਂ ਹਰੇਕ ਕੀਮਤ ਦੇ ਸਟੈਂਪ ਪੇਪਰ ਨੂੰ ਈ-ਸਟੈਂਪ ਰਾਹੀਂ ਯਾਨੀ ਕੰਪਿਊਟਰ ਤੋਂ ਪ੍ਰਿੰਟ-ਆਊਟ ਰਾਹੀਂ ਕਿਸੇ ਵੀ ਅਸ਼ਟਾਮ ਫ਼ਰੋਸ਼ ਜਾਂ ਪੰਜਾਬ ਸਰਕਾਰ ਵੱਲੋਂ ਅਧਿਕਾਰਤ ਬੈਂਕਾਂ ਤੋਂ ਪ੍ਰਾਪਤ ਕੀਤਾ ਜਾ ਸਕੇਗਾ।

ਇਸ ਸਹੂਲਤ ਦੀ ਸ਼ੁਰੂਆਤ ਕਰਨ ਉਪਰੰਤ ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪਹਿਲਾਂ ਇਹ ਸਹੂਲਤ ਕੇਵਲ 20,000/- ਰੁਪਏ ਤੋਂ ਉੱਪਰ ਦੇ ਸਟੈਂਪ ਪੇਪਰਾਂ ਉਤੇ ਉਪਲਬਧ ਸੀ। ਉਨ੍ਹਾਂ ਕਿਹਾ, "ਅਸੀਂ ਹੁਣ ਇਹ ਸਹੂਲਤ ਇੱਕ ਰੁਪਏ ਦੇ ਸਟੈਂਪ ਪੇਪਰ ਤੱਕ ਕਰ ਦਿੱਤੀ ਹੈ, ਭਾਵ ਸਾਰੇ ਸਟੈਂਪ ਪੇਪਰ ਹੁਣ ਈ-ਸਟੈਂਪ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ।"

ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਏ ਗਏ ਇਸ ਫ਼ੈਸਲੇ ਨਾਲ ਸਾਲਾਨਾ ਤਕਰੀਬਨ 35 ਕਰੋੜ ਰੁਪਏ ਦੀ ਬੱਚਤ ਹੋਵੇਗੀ, ਜੋ ਸਟੈਂਪ ਪੇਪਰਾਂ ਦੀ ਛਪਾਈ 'ਤੇ ਖ਼ਰਚ ਹੁੰਦੇ ਸਨ। ਇਸ ਤੋਂ ਇਲਾਵਾ ਆਮ ਲੋਕਾਂ ਨੂੰ ਬਗ਼ੈਰ ਕਿਸੇ ਮੁਸ਼ਕਲ ਦੇ ਸਟੈਂਪ ਪੇਪਰ ਉਪਲਬਧ ਹੋਣਗੇ ਕਿਉਂਕਿ ਪਹਿਲਾਂ ਕਈ ਵਾਰ ਸਟੈਂਪ ਪੇਪਰ ਲੈਣ ਸਮੇਂ ਆਮ ਲੋਕਾਂ ਨੂੰ ਦਿੱਕਤ ਆਉਂਦੀ ਸੀ ਜਾਂ ਅਸ਼ਟਾਮ ਫ਼ਰੋਸ਼ਾਂ ਕੋਲ ਸਟੈਂਪ ਪੇਪਰ ਉਪਲਬਧ ਨਹੀਂ ਹੁੰਦੇ ਸਨ ਜਾਂ ਲੋਕਾਂ ਨੂੰ ਵੱਧ ਰੇਟਾਂ ਉਤੇ ਮੁਹੱਈਆ ਕਰਵਾਏ ਜਾਂਦੇ ਸਨ।



ਉਨ੍ਹਾਂ ਦੱਸਿਆ ਕਿ ਈ-ਸਟੈਂਪ ਪ੍ਰਣਾਲੀ ਨੂੰ ਲਾਗੂ ਕਰਨ ਲਈ ਨੋਟੀਫਿਕੇਸ਼ਨ ਨੰ: ਈ-ਆਫਿਸ/188125--2/7616, ਮਿਤੀ 27.05.2022 ਜਾਰੀ ਕੀਤਾ ਜਾ ਚੁੱਕਾ ਹੈ।

ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ਟਾਮ ਫ਼ਰੋਸ਼ਾਂ ਨੂੰ ਇੱਕ ਰੁਪਏ ਤੋਂ ਲੈ ਕੇ 19,999 ਰੁਪਏ ਤੱਕ ਦੇ ਈ-ਸਟੈਂਪ ਉਤੇ 2 ਫ਼ੀਸਦੀ ਦੀ ਦਰ ਨਾਲ ਕਮਿਸ਼ਨ ਦਿੱਤਾ ਜਾਵੇਗਾ ਜਦੋਂਕਿ ਆਮ ਲੋਕਾਂ ਨੂੰ ਸਟੈਂਪ ਪੇਪਰ ਪੂਰੇ ਰੇਟ ਉਤੇ ਹੀ ਮਿਲਣਗੇ। ਉਦਾਹਰਣ ਵਜੋਂ ਉਨ੍ਹਾਂ ਨੂੰ 100 ਰੁਪਏ ਵਾਲਾ ਸਟੈਂਪ ਪੇਪਰ 100 ਰੁਪਏ ਵਿੱਚ ਹੀ ਮਿਲੇਗਾ ਅਤੇ ਉਨ੍ਹਾਂ ਨੂੰ ਇਸ ਉਤੇ ਕੋਈ ਵਾਧੂ ਕਮਿਸ਼ਨ ਨਹੀਂ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਕਦਮ ਸਟੈਂਪ ਪੇਪਰਾਂ ਵਿੱਚ ਹੋਣ ਵਾਲੀ ਹੇਰਾਫੇਰੀ ਦੀ ਸੰਭਾਵਨਾ ਨੂੰ ਖ਼ਤਮ ਕਰਨ ਵਿੱਚ ਵੀ ਲਾਹੇਵੰਦ ਹੋਵੇਗਾ।

ਵਿਭਾਗ ਵੱਲੋਂ ਪੰਜ ਹੋਰ ਈ-ਸਹੂਲਤਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਕਰਜ਼ਾ/ਹਾਈਪੋਥੀਕੇਸ਼ਨ ਐਗਰੀਮੈਂਟ, ਐਗਰੀਮੈਂਟ ਆਫ ਪਲੈੱਜ, ਹਲਫ਼ੀਆ ਬਿਆਨ ਤੇ ਹਲਫ਼ਨਾਮਾ, ਡਿਮਾਂਡ ਪ੍ਰੋਮਿਸਰੀ ਨੋਟ ਅਤੇ ਇਨਡਿਮਨਟੀ ਬਾਂਡ ਸ਼ਾਮਲ ਹਨ। ਇਹ ਦਸਤਾਵੇਜ਼ ਵੀ ਹੁਣ ਸਿੱਧੇ ਕੰਪਿਊਟਰ ਰਾਹੀਂ ਜਾਰੀ ਕੀਤੇ ਜਾ ਸਕਣਗੇ।

ਮਾਲ ਵਿਭਾਗ ਦੇ ਸਕੱਤਰ ਸ. ਮਨਵੇਸ਼ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਸਹੂਲਤ ਨੂੰ ਭਾਰਤ ਸਰਕਾਰ ਦੀ ਨੈਸ਼ਨਲ ਈ-ਗਵਰਨੈਂਸ ਸਰਵਿਸਿਜ਼ ਲਿਮਟਿਡ (ਐਨ.ਈ.ਐਸ.ਐਲ.) ਨਾਲ ਤਾਲਮੇਲ ਕਰਕੇ ਸ਼ੁਰੂ ਕੀਤਾ ਗਿਆ ਹੈ। ਇਸ ਨਾਲ ਜਿੱਥੇ ਬੈਂਕਾਂ ਨੂੰ ਸਹੂਲਤ ਹੋਵੇਗੀ, ਉੱਥੇ ਉਪਰੋਕਤ ਸਾਰੀਆਂ ਸਹੂਲਤਾਂ ਲਈ ਆਮ ਲੋਕਾਂ ਨੂੰ ਬੈਂਕਾਂ ਤੋਂ ਇਲਾਵਾ ਕਿਸੇ ਹੋਰ ਜਗ੍ਹਾ 'ਤੇ ਜਾਣ ਦੀ ਲੋੜ ਨਹੀਂ ਪਵੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਸਿਵਿਲ ਸਰਵਿਸ ਪ੍ਰੀਖਿਆ ਦੇ ਨਤੀਜਿਆਂ ਵਿਚ ਕੁੜੀਆਂ ਦੀ ਬੱਲੇ ਬੱਲੇ

ਵਿਜੈ ਗਰਗ, ਸੇਵਾ ਮੁਕਤ ਪ੍ਰਿੰਸੀਪਲ ਤੇ ਸਿੱਖਿਆ ਸ਼ਾਸਤਰੀ ਮਲੋਟ

ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ 2021 ਦੀ ਸਿਵਿਲ ਸਰਵਿਸ ਪ੍ਰੀਖਿਆ ਦੇ ਨਤੀਜਿਆਂ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਕੁੜੀਆਂ ਨੇ ਹਾਸਿਲ ਕੀਤੀਆਂ ਹਨ। ਔਰਤਾਂ ਨੇ ਪਹਿਲੀ ਪੁਜ਼ੀਸ਼ਨ ਸੱਤ ਸਾਲਾਂ ਦੇ ਪਿੱਛੋਂ ਹਾਸਿਲ ਕੀਤੀ ਹੈ। ਨਤੀਜੇ ਇਸ ਲਈ ਵੀ ਉਤਸ਼ਾਹਿਤ ਕਰਨ ਵਾਲੇ ਹਨ ਕਿ ਵਿਸ਼ੇਸ਼ ਅਧਿਕਾਰ ਪ੍ਰਾਪਤ ਕੁਲੀਨ ਵਰਗ ਦੇ ਨਾਲ ਨਾਲ ਸਾਧਾਰਨ ਪਿਛੋਕੜ ਵਾਲੇ ਪਰਿਵਾਰਾਂ ਨਾਲ ਸਬੰਧਿਤ ਨੌਜਵਾਨ ਵੀ ਸਫ਼ਲ ਹੋਏ ਹਨ। ਇਸ ਨਾਲ ਸਿਵਿਲ ਸਰਵਿਸ ਅੰਦਰ ਸਮਾਜ ਦੀ ਵੰਨ-ਸਵੰਨਤਾ ਨੂੰ ਸਮਝਣ ਦੀ ਸੰਭਾਵਨਾ ਵਧਦੀ ਹੈ। ਵੱਖ ਵੱਖ ਪਿਛੋਕੜਾਂ ਤੋਂ ਆਉਂਦੇ ਉਮੀਦਵਾਰਾਂ ਦੀ ਸਮੱਸਿਆਵਾਂ ਪ੍ਰਤੀ ਨਿੱਜੀ ਸਮਝਦਾਰੀ ਸਿਵਿਲ ਸਰਵਿਸ ਦੀ ਸਮੂਹਿਕ ਸੋਚ ਵਿਚ ਆਪਣਾ ਹਿੱਸਾ ਪਾਉਂਦੀ ਹੈ।

ਪ੍ਰੀਖਿਆ ਵਿਚ ਪਹਿਲੇ ਨੰਬਰ ਉੱਤੇ ਆਉਣ ਵਾਲੀ ਦਿੱਲੀ ਨਿਵਾਸੀ ਸ਼ਰੁਤੀ ਸ਼ਰਮਾ ਦਾ ਮੁੱਖ ਧਿਆਨ ਸਿੱਖਿਆ, ਸਿਹਤ ਅਤੇ ਔਰਤਾਂ ਦੇ ਸ਼ਕਤੀਕਰਨ ਵੱਲ ਹੈ। ਇਸੇ ਤਰ੍ਹਾਂ ਦੂਸਰੇ ਨੰਬਰ ਵਾਲੀ ਕੋਲਕਾਤਾ ਦੀ ਅੰਕਿਤਾ ਅਗਰਵਾਲ ਔਰਤਾਂ ਅਤੇ ਅਣਗੌਲੇ ਸਮਾਜ ਦੇ ਬੱਚਿਆਂ ਦੀ ਬਿਹਤਰੀ ਨੂੰ ਆਪਣਾ ਟੀਚਾ ਮੰਨਦੀ ਹੈ। ਤੀਸਰੇ ਨੰਬਰ ਉੱਤੇ ਆਈ ਪੰਜਾਬ ਦੇ ਸ਼ਹਿਰ ਸੁਨਾਮ ਦੀ ਜੰਮਪਲ ਪਰ ਇਸ ਸਮੇਂ ਆਨੰਦਪੁਰ ਸਾਹਿਬ ਦੀ ਨਿਵਾਸੀ ਗਾਮਨੀ ਸਿੰਗਲਾ ਇਨ੍ਹਾਂ ਹੀ ਸਮਾਜਿਕ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਕੰਮ ਕਰਨ ਦਾ ਇਰਾਦਾ ਪ੍ਰਗਟ ਕਰਦੀ ਹੈ। ਪੰਜਾਬ ਦੇ ਹੀ ਮੁਕਸਤਰ ਸਾਹਿਬ ਦੇ ਕਿਸਾਨ ਦੇ ਪੁੱਤਰ ਜਸਪਿੰਦਰ ਸਿੰਘ ਭੁੱਲਰ ਨੇ 33ਵਾਂ ਸਥਾਨ ਹਾਸਿਲ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਉਹ ਸੱਤਾ ਤੋਂ ਦੂਰ ਦੁਰਾਡੇ ਇਲਾਕਿਆਂ ਵਿਚ ਰਹਿੰਦੇ ਲੋਕਾਂ ਦੇ ਜੀਵਨ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰੇਗਾ। ਇਸੇ ਤਰ੍ਹਾਂ ਹਿੰਦੀ ਮਾਧਿਅਮ ਵਿਚ ਸਿਵਿਲ ਸਰਵਿਸ ਦੀ ਪ੍ਰੀਖਿਆ ਦੇ ਪਹਿਲੇ ਨੰਬਰ ਉੱਤੇ ਆਉਣ ਵਾਲੇ ਸ੍ਰੀ ਗੰਗਾਨਗਰ (ਰਾਜਸਥਾਨ) ਦੇ ਰਵੀ ਕੁਮਾਰ ਸਿਹਾਗ ਦੀ ਸਫ਼ਲਤਾ ਜ਼ਮੀਨ ਨਾਲ ਜੁੜੇ ਹੋਣ ਦਾ ਪ੍ਰਮਾਣ ਹੈ।




ਸਿਵਿਲ ਸਰਵਿਸ ਦੀ ਪ੍ਰੀਖਿਆ ਵਿਚ ਸਫ਼ਲ ਹੋਣ ਵਾਲੇ ਨੌਜਵਾਨ ਮੁੰਡੇ ਕੁੜੀਆਂ ਦੇਸ਼ ਦੇ ਸਰਬਉੱਚ ਅਤੇ ਤਾਕਤਵਰ ਪ੍ਰਸ਼ਾਸਨਿਕ ਤੰਤਰ ਦਾ ਹਿੱਸਾ ਬਣਦੇ ਹਨ। ਉਹ ਸਾਰੇ ਪ੍ਰੀਖਿਆ ਦੇ ਸਖ਼ਤ ਮੁਕਾਬਲੇ ਵਿਚੋਂ ਲੰਘ ਕੇ ਆਉਂਦੇ ਹਨ ਅਤੇ ਉਨ੍ਹਾਂ ਦਾ ਸ਼ੁਮਾਰ ਦੇਸ਼ ਦੇ ਬੌਧਿਕ ਤੌਰ ਉੱਤੇ ਤੇਜ਼ ਤਰਾਰ ਚੁਨਿੰਦਾ ਲੋਕਾਂ ਵਿਚ ਹੁੰਦਾ ਹੈ। ਸਿਵਿਲ ਸਰਵਿਸ ਪ੍ਰੀਖਿਆ ਪਾਸ ਹੋਣ ਤੋਂ ਬਾਅਦ ਜਿੱਥੇ ਨਿੱਜੀ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਦੀ ਗਰੰਟੀ ਮਿਲਦੀ ਹੈ, ਉੱਥੇ ਉਨ੍ਹਾਂ ਤੋਂ ਦੇਸ਼ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਤੇ ਲੋਕਾਂ ਪ੍ਰਤੀ ਜਵਾਬਦੇਹ ਪ੍ਰਸ਼ਾਸਨਿਕ ਪਹੁੰਚ ਅਪਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਵਧ ਰਹੇ ਭ੍ਰਿਸ਼ਟਾਚਾਰ ਅਤੇ ਘਟ ਰਹੇ ਕੰਮ ਸੱਭਿਆਚਾਰ ਦੇ ਦੌਰ ਵਿੱਚ ਪ੍ਰਸ਼ਾਸਨ ਅਤੇ ਲੋਕਾਂ ਦੀ ਦੂਰੀ ਵਧਣ ਦਾ ਮਾਹੌਲ ਬਣ ਰਿਹਾ ਹੈ। ਇਕ ਤਰ੍ਹਾਂ ਦਾ ਆਦਰਸ਼ਵਾਦ ਲੈ ਕੇ ਸਿਵਲ ਸੇਵਾ ਵਿਚ ਆਉਣ ਵਾਲੇ ਨਵੇਂ ਅਫ਼ਸਰਾਂ ਤੋਂ ਸੰਵਿਧਾਨ ਅਤੇ ਕਾਨੂੰਨ ਦੇ ਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੀ ਉਮੀਦ ਰੱਖਣਾ ਸਮਾਜ ਦਾ ਹੱਕ ਹੈ।।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਐੱਨ.ਸੀ.ਸੀ ਦੀ ਮਹੱਤਤਾ ਅਤੇ ਭੂਮਿਕਾ



ਵਿਜੈ ਗਰਗ, ਸੇਵਾ ਮੁਕਤ ਪ੍ਰਿੰਸੀਪਲ ਤੇ ਸਿੱਖਿਆ ਸ਼ਾਸਤਰੀ ਮਲੋਟ

ਨੈਸ਼ਨਲ ਕੈਡੇਟ ਕੋਰ (ਐੱਨ. ਸੀ. ਸੀ.) ਭਾਰਤੀ ਫੌਜੀ ਕੈਡੇਟ ਕੋਰ ਹੈ ਜਿਸਦਾ ਮੁੱਖ ਦਫਤਰ ਨਵੀਂ ਦਿੱਲੀ ਵਿਖੇ ਹੈ। ਐਨਸੀਸੀ ਸਕੂਲ ਅਤੇ ਕਾਲਜ ਦੇ ਸਾਰੇ ਵਿਦਿਆਰਥੀਆਂ ਲਈ ਸਵੈਇੱਛਤ ਆਧਾਰ 'ਤੇ ਖੁੱਲ੍ਹੀ ਹੈ। ਐਨਸੀਸੀ ਦੀ ਕਲਪਨਾ 1917 ਵਿੱਚ ਕੀਤੀ ਗਈ ਸੀ ਜਦੋਂ ਯੂਨੀਵਰਸਿਟੀ ਕੋਰ ਨੂੰ ਵਧਾ ਕੇ ਹਥਿਆਰਬੰਦ ਬਲਾਂ ਵਿੱਚ ਕਮੀਆਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਭਾਰਤ ਰੱਖਿਆ ਐਕਟ ਲਾਗੂ ਕੀਤਾ ਗਿਆ ਸੀ। 1920 ਵਿੱਚ ਇੰਡੀਆ ਟੈਰੀਟੋਰੀਅਲ ਐਕਟ ਪਾਸ ਕੀਤਾ ਗਿਆ ਅਤੇ ਯੂਨੀਵਰਸਿਟੀ ਕੋਰ ਨੂੰ ਯੂਨੀਵਰਸਿਟੀ ਟ੍ਰੇਨਿੰਗ ਕੋਰ ਦੁਆਰਾ ਬਦਲ ਦਿੱਤਾ ਗਿਆ। ਐਨਸੀਸੀ ਵਿੱਚ ਕੈਡਿਟਾਂ ਨੂੰ ਛੋਟੇ ਹਥਿਆਰਾਂ ਅਤੇ ਪਰੇਡਾਂ ਵਿੱਚ ਮੁਢਲੀ ਫੌਜੀ ਸਿਖਲਾਈ ਦਿੱਤੀ ਜਾਂਦੀ ਹੈ। ਦੀ ਸਿਖਲਾਈ ਲੈ ਰਹੇ ਅਫਸਰਾਂ ਜਾਂ ਕੈਡਿਟਾਂ ਦੀ ਸਰਗਰਮ ਫੌਜੀ ਸੇਵਾ ਲਈ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ ਹੈ ਜਦੋਂ ਉਹ ਪੂਰਾ ਕਰ ਲੈਂਦੇ ਹਨ।

1942 ਵਿੱਚ, ਨੈਸ਼ਨਲ ਕੈਡੇਟ ਕੋਰ ਦਾ ਨਾਮ ਬਦਲ ਕੇ ਯੂਨੀਵਰਸਿਟੀ ਆਫੀਸਰਜ਼ ਟ੍ਰੇਨਿੰਗ ਕੋਰ ਰੱਖਿਆ ਗਿਆ। 1946 ਵਿੱਚ, ਪੰਡਿਤ ਜਵਾਹਰ ਲਾਲ ਨਹਿਰੂ ਦੇ ਕਹਿਣ 'ਤੇ ਪੰਡਿਤ ਐਚ ਐਨ ਕੁੰਜ਼ਰੂ ਦੀ ਅਗਵਾਈ ਹੇਠ ਇੱਕ ਕਮੇਟੀ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦਾ ਉਦੇਸ਼ ਇੱਕ ਸੰਗਠਨ ਦੀ ਸਥਾਪਨਾ ਕਰਨਾ ਸੀ ਜੋ ਭਾਰਤੀ ਨੌਜਵਾਨਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਬਿਹਤਰ ਨਾਗਰਿਕ ਅਤੇ ਨੇਤਾ ਬਣਨ ਲਈ ਸਿਖਲਾਈ ਅਤੇ ਪ੍ਰੇਰਿਤ ਕਰੇਗੀ। ਜਿਸ ਦੇ ਨਤੀਜੇ ਵਜੋਂ ਨੈਸ਼ਨਲ ਕੈਡੇਟ ਕੋਰ 16 ਜੁਲਾਈ, 1948 ਨੂੰ 1948 ਦੇ ਐਨਸੀਸੀ ਐਕਟ ਦੇ ਐਲਾਨ ਨਾਲ ਲਾਗੂ ਹੋਇਆ ਅਤੇ ਐਨਸੀਸੀ ਨੂੰ ਰੱਖਿਆ ਮੰਤਰਾਲੇ ਦੇ ਅਧੀਨ ਰੱਖਿਆ ਗਿਆ।

ਨੈਸ਼ਨਲ ਕੈਡੇਟ ਕੋਰ ਨੂੰ ਟ੍ਰਾਈ-ਸਰਵਿਸਿਜ਼ ਆਰਗੇਨਾਈਜ਼ੇਸ਼ਨ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਆਰਮੀ, ਨੇਵੀ ਅਤੇ ਏਅਰ ਫੋਰਸ ਸ਼ਾਮਲ ਹਨ। ਨੈਸ਼ਨਲ ਕੈਡਿਟ ਕੋਰ ਦਾ ਮੁੱਖ ਉਦੇਸ਼ ਦੇਸ਼ ਦੇ ਨੌਜਵਾਨਾਂ ਨੂੰ ਅਨੁਸ਼ਾਸਿਤ, ਜ਼ਿੰਮੇਵਾਰ ਅਤੇ ਦੇਸ਼ ਭਗਤ ਨਾਗਰਿਕ ਬਣਾਉਣਾ ਹੈ। ਭਾਰਤ ਵਿੱਚ ਨੈਸ਼ਨਲ ਕੈਡੇਟ ਕੋਰ ਇੱਕ ਸਵੈ-ਸੇਵੀ ਸੰਸਥਾ ਹੈ ਜੋ ਪੂਰੇ ਭਾਰਤ ਵਿੱਚ ਹਾਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਕੈਡਿਟਾਂ ਦੀ ਭਰਤੀ ਕਰਦੀ ਹੈ ਅਤੇ ਉਹਨਾਂ ਵਲੰਟੀਅਰਾਂ ਨੂੰ ਫੌਜੀ ਸਿਖਲਾਈ ਦਿੰਦੀ ਹੈ। ਨੌਜਵਾਨਾਂ ਵਿੱਚ ਰਾਸ਼ਟਰਵਾਦ ਅਤੇ ਧਰਮ ਨਿਰਪੱਖ ਨਜ਼ਰੀਏ ਦੀ ਭਾਵਨਾ ਪੈਦਾ ਕਰਦਾ ਹੈ ਜੋ ਇੱਕ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾਵੇਗਾ ਅਤੇ ਇਸ ਤੋਂ ਇਲਾਵਾ ਨੌਜਵਾਨ ਭਾਰਤੀਆਂ ਦੀ ਊਰਜਾ ਨੂੰ ਚੈਨਲਾਈਜ਼ ਕਰਨ ਦੀ ਪ੍ਰਕਿਰਿਆ ਦੁਆਰਾ ਜਨਤਾ ਦੇ ਵਿਅਕਤੀਗਤ ਪੱਧਰ ਨੂੰ ਉੱਚਾ ਚੁੱਕਣ ਲਈ ਇੱਕ ਸਾਂਝਾ ਪਲੇਟਫਾਰਮ ਵੀ ਪ੍ਰਦਾਨ ਕਰਦਾ ਹੈ। ਇੱਕ ਰਚਨਾਤਮਕ ਉਦੇਸ਼. ਨੈਸ਼ਨਲ ਕੈਡੇਟ ਕੋਰ ਨੌਜਵਾਨਾਂ ਨੂੰ ਮਨੁੱਖ ਅਤੇ ਸਮਾਜ, ਸਮਾਜ ਅਤੇ ਕੁਦਰਤ ਵਿਚਕਾਰ ਸਬੰਧ ਅਤੇ ਉਹਨਾਂ ਦੀ ਅੰਤਰ-ਨਿਰਭਰਤਾ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

ਹਾਲਾਂਕਿ ਸਿਖਲਾਈ ਪੂਰੀ ਹੋਣ ਤੋਂ ਬਾਅਦ ਵਲੰਟੀਅਰ ਫੌਜ ਵਿੱਚ ਸ਼ਾਮਲ ਹੋਣ ਲਈ ਜਵਾਬਦੇਹ ਨਹੀਂ ਹਨ, ਫਿਰ ਵੀ ਉਹਨਾਂ ਦੇ ਵੈਧ ਸਰਟੀਫਿਕੇਟ ਵਾਲੇ ਉਮੀਦਵਾਰਾਂ ਨੂੰ ਕੋਰ ਵਿੱਚ ਪ੍ਰਾਪਤੀਆਂ ਦੇ ਅਧਾਰ 'ਤੇ ਚੋਣ ਦੌਰਾਨ ਆਮ ਉਮੀਦਵਾਰਾਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ। ਐੱਨ.ਸੀ.ਸੀ. ਵਿੱਚ ਸਰਗਰਮ ਲੋਕਾਂ ਲਈ ਰੱਖਿਆ ਖੇਤਰ ਵਿੱਚ ਕਰੀਅਰ ਬਣਾਉਣ ਲਈ ਕੋਈ ਮਜਬੂਰੀ ਨਹੀਂ ਹੈ, ਪਰ ਹਾਂ, ਨੌਕਰੀ ਦੀ ਚੋਣ ਦੌਰਾਨ ਉਹਨਾਂ ਨੂੰ ਆਮ ਉਮੀਦਵਾਰਾਂ ਨਾਲੋਂ ਤਰਜੀਹ ਦੇਣ ਦੇ ਨਾਲ ਇੱਕ ਬਿਹਤਰ ਮੌਕਾ ਮਿਲਦਾ ਹੈ।

## ਐਨਸੀਸੀ ਦਾ ਇਤਿਹਾਸ

ਭਾਰਤ ਵਿੱਚ ਨੈਸ਼ਨਲ ਕੈਡੇਟ ਕੋਰ ਦਾ ਗਠਨ 1948 ਦੇ ਨੈਸ਼ਨਲ ਕੈਡੇਟ ਕੋਰ ਐਕਟ ਨਾਲ ਕੀਤਾ ਗਿਆ ਸੀ ਜਿਸਦਾ ਉਦੇਸ਼ ਨੌਜਵਾਨਾਂ ਵਿੱਚ ਚਰਿੱਤਰ, ਹਿੰਮਤ, ਕਾਮਰੇਡਸ਼ਿਪ, ਅਨੁਸ਼ਾਸਨ, ਧਰਮ ਨਿਰਪੱਖ ਦ੍ਰਿਸ਼ਟੀਕੋਣ, ਸਾਹਸ ਦੀ ਭਾਵਨਾ, ਖੇਡ ਭਾਵਨਾ ਅਤੇ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਦੇ ਗੁਣਾਂ ਦਾ ਵਿਕਾਸ ਕਰਨਾ ਸੀ। ਉਹਨਾਂ ਨੂੰ ਲਾਭਦਾਇਕ ਨਾਗਰਿਕ ਅਤੇ ਉਹਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕਰਨਾ। ਇਹ 15 ਜੁਲਾਈ 1948 ਨੂੰ ਉਭਾਰਿਆ ਗਿਆ ਸੀ। ਐਨਸੀਸੀ ਦੀ ਸ਼ੁਰੂਆਤ, ਜੋ 'ਯੂਨੀਵਰਸਿਟੀ ਕੋਰ' ਨਾਲ ਸ਼ੁਰੂ ਹੋਈ ਸੀ, ਨੂੰ ਭਾਰਤੀ ਰੱਖਿਆ ਐਕਟ 1917 ਦੇ ਤਹਿਤ ਬਣਾਇਆ ਗਿਆ ਸੀ, ਅਤੇ ਇਸਦਾ ਉਦੇਸ਼ ਭਾਰਤੀ ਫੌਜ ਦੀ ਘਾਟ ਨੂੰ ਪੂਰਾ ਕਰਨਾ ਸੀ।

ਇਹ 1920 ਵਿੱਚ ਸੀ ਜਦੋਂ ਇੰਡੀਅਨ ਟੈਰੀਟੋਰੀਅਲ ਐਕਟ ਪਾਸ ਕੀਤਾ ਗਿਆ ਸੀ ਅਤੇ ਯੂਟੀਸੀ ਦੀ ਸਥਿਤੀ ਨੂੰ ਉੱਚਾ ਚੁੱਕਣ ਅਤੇ ਇਸਨੂੰ ਰਾਸ਼ਟਰੀ ਨੌਜਵਾਨਾਂ ਲਈ ਹੋਰ ਆਕਰਸ਼ਕ ਬਣਾਉਣ ਦੇ ਉਦੇਸ਼ ਨਾਲ 'ਯੂਨੀਵਰਸਿਟੀ ਕੋਰ' ਨੂੰ ਯੂਨੀਵਰਸਿਟੀ ਟ੍ਰੇਨਿੰਗ ਕੋਰ () ਦੁਆਰਾ ਬਦਲ ਦਿੱਤਾ ਗਿਆ ਸੀ। ਅਫਸਰਾਂ ਅਤੇ ਕੈਡਿਟਾਂ ਨੇ ਫੌਜ ਦੀ ਤਰ੍ਹਾਂ ਪਹਿਰਾਵਾ ਪਹਿਨਿਆ ਅਤੇ ਇਹ ਹਥਿਆਰਬੰਦ ਬਲਾਂ ਦੇ ਸਵਦੇਸ਼ੀਕਰਨ ਵੱਲ ਇੱਕ ਮਹੱਤਵਪੂਰਨ ਕਦਮ ਸੀ।

ਪੰਡਿਤ ਐੱਚ.ਐੱਨ. ਕੁੰਜ਼ਰੂ ਦੀ ਅਗਵਾਈ ਵਾਲੀ ਕਮੇਟੀ ਨੇ ਸਿਫਾਰਿਸ਼ ਕੀਤੀ ਕਿ ਨੌਜਵਾਨਾਂ ਨੂੰ ਫੌਜੀ ਸਿਖਲਾਈ ਦੇਣ ਲਈ ਰਾਸ਼ਟਰੀ ਪੱਧਰ 'ਤੇ ਸਕੂਲਾਂ ਅਤੇ ਕਾਲਜਾਂ 'ਚ ਕੈਡਿਟ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਨੈਸ਼ਨਲ ਕੈਡੇਟ ਕੋਰ ਐਕਟ ਨੂੰ ਗਵਰਨਰ ਜਨਰਲ ਦੁਆਰਾ ਸਵੀਕਾਰ ਕੀਤਾ ਗਿਆ ਅਤੇ 15 ਜੁਲਾਈ 1948 ਨੂੰ ਨੈਸ਼ਨਲ ਕੈਡੇਟ ਕੋਰ ਹੋਂਦ ਵਿੱਚ ਆਈ।

ਐਨ.ਸੀ.ਸੀ. ਦੀ ਗਰਲਜ਼ ਡਿਵੀਜ਼ਨ 1949 ਵਿੱਚ ਸਕੂਲ ਅਤੇ ਕਾਲਜ ਜਾਣ ਵਾਲੀਆਂ ਲੜਕੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਅਤੇ ਰਾਸ਼ਟਰੀ ਉਦੇਸ਼ ਲਈ ਉਹਨਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਦ੍ਰਿਸ਼ਟੀ ਨਾਲ ਬਣਾਈ ਗਈ ਸੀ। ਇਹ ਸਾਲ 1950 ਵਿੱਚ ਸੀ, ਜਦੋਂ ਏਅਰ ਵਿੰਗ ਨੂੰ ਜੋੜਿਆ ਗਿਆ ਤਾਂ ਐਨਸੀਸੀ ਨੂੰ ਇੱਕ ਅੰਤਰ-ਸੇਵਾ ਚਿੱਤਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਦੋ ਸਾਲ ਬਾਅਦ 1952 ਵਿੱਚ ਨੇਵਲ ਵਿੰਗ ਸ਼ਾਮਲ ਕੀਤਾ ਗਿਆ ਸੀ। ਉਸੇ ਸਾਲ, ਕਮਿਊਨਿਟੀ ਵਿਕਾਸ ਨੂੰ ਵੀ ਸ਼ਾਮਲ ਕਰਨ ਲਈ ਐਨਸੀਸੀ ਪਾਠਕ੍ਰਮ ਵਿੱਚ ਵਾਧਾ ਕੀਤਾ ਗਿਆ ਸੀ। ਸਿਲੇਬਸ ਦੇ ਇੱਕ ਹਿੱਸੇ ਵਜੋਂ ਸਮਾਜ ਸੇਵਾ ਦੀਆਂ ਗਤੀਵਿਧੀਆਂ ਵਜੋਂ। 1962 ਦੀ ਚੀਨ-ਭਾਰਤ ਜੰਗ ਤੋਂ ਬਾਅਦ, ਰਾਸ਼ਟਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, 1963 ਵਿੱਚ ਸਿਖਲਾਈ ਨੂੰ ਲਾਜ਼ਮੀ ਕਰ ਦਿੱਤਾ ਗਿਆ ਸੀ, ਹਾਲਾਂਕਿ, ਇਹ ਮਜਬੂਰੀ ਬਹੁਤੀ ਦੇਰ ਨਹੀਂ ਚੱਲੀ, ਅਤੇ ਫਿਰ 1968 ਵਿੱਚ, ਕੋਰ ਨੂੰ ਇੱਕ ਸਵੈ-ਸੇਵੀ ਸੰਸਥਾ ਬਣਾ ਦਿੱਤਾ ਗਿਆ।

ਇਹ 1965 ਦੀ ਭਾਰਤ-ਪਾਕਿਸਤਾਨ ਜੰਗ ਦੇ ਨਾਲ-ਨਾਲ 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਸੀ, ਐਨਸੀਸੀ ਕੈਡਿਟ ਰੱਖਿਆ ਦੀ ਦੂਜੀ ਲਾਈਨ ਸਨ ਅਤੇ ਆਰਡੀਨੈਂਸ ਫੈਕਟਰੀਆਂ ਦੀ ਸਹਾਇਤਾ ਲਈ ਬਹੁਤ ਸਾਰੇ ਕੈਂਪਾਂ ਦਾ ਆਯੋਜਨ ਕੀਤਾ, ਮੋਰਚੇ ਨੂੰ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਸਪਲਾਈ ਕੀਤੀ ਅਤੇ ਇਹ ਵੀ ਸਨ। ਦੁਸ਼ਮਣ ਪੈਰਾਟ੍ਰੌਪਰਾਂ ਨੂੰ ਫੜਨ ਲਈ ਗਸ਼ਤ ਪਾਰਟੀਆਂ ਵਜੋਂ ਵਰਤਿਆ ਜਾਂਦਾ ਹੈ। ਐਨਸੀਸੀ ਕੈਡਿਟਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਸਿਵਲ ਡਿਫੈਂਸ ਅਥਾਰਟੀਆਂ ਦੇ ਨਾਲ ਹੱਥ ਮਿਲਾ ਕੇ ਕੰਮ ਕੀਤਾ ਅਤੇ ਸਾਰੇ ਬਚਾਅ ਕਾਰਜਾਂ ਦੇ ਨਾਲ-ਨਾਲ ਟ੍ਰੈਫਿਕ ਕੰਟਰੋਲ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ, ਸਿਲੇਬਸ ਨੂੰ ਸੋਧਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ, ਨਾ ਕਿ ਸਿਰਫ ਰੱਖਿਆ ਦੀ ਦੂਜੀ ਲਾਈਨ ਹੋਣ ਦੀ ਬਜਾਏ, ਸਿਲੇਬਸ ਨੇ ਸਿਖਲਾਈ ਦੇ ਰਹੇ ਲੋਕਾਂ ਵਿੱਚ ਲੀਡਰਸ਼ਿਪ ਅਤੇ ਅਫਸਰ ਵਰਗੇ ਗੁਣਾਂ ਦੇ ਵਿਕਾਸ 'ਤੇ ਵਧੇਰੇ ਜ਼ੋਰ ਦਿੱਤਾ। ਐਨ.ਸੀ.ਸੀ. ਕੈਡਿਟਾਂ ਨੇ ਜੋ ਮਿਲਟਰੀ ਟਰੇਨਿੰਗ ਪ੍ਰਾਪਤ ਕੀਤੀ ਸੀ, ਉਸ ਨੂੰ ਘਟਾ ਦਿੱਤਾ ਗਿਆ ਅਤੇ ਸਮਾਜ ਸੇਵਾ ਦੇ ਨਾਲ-ਨਾਲ ਨੌਜਵਾਨ ਪ੍ਰਬੰਧਨ ਵਰਗੇ ਹੋਰ ਖੇਤਰਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ।

## ਸੰਗਠਨ

ਨੈਸ਼ਨਲ ਕੈਡੇਟ ਕੋਰ ਇੰਡੀਆ ਦੀ ਅਗਵਾਈ ਇੱਕ ਡਾਇਰੈਕਟਰ ਜਨਰਲ, ਲੈਫਟੀਨੈਂਟ ਜਨਰਲ ਦੇ ਰੈਂਕ ਦੇ ਇੱਕ ਫੌਜ ਅਧਿਕਾਰੀ ਦੁਆਰਾ ਕੀਤੀ ਜਾਂਦੀ ਹੈ। ਡਾਇਰੈਕਟਰ ਜਨਰਲ, ਸੁਪਰੀਮ ਹੈੱਡ ਮੂਲ ਰੂਪ ਵਿੱਚ ਦਿੱਲੀ ਵਿੱਚ ਸਥਿਤ ਨੈਸ਼ਨਲ ਕੈਡੇਟ ਕੋਰ ਹੈੱਡਕੁਆਰਟਰ ਰਾਹੀਂ ਦੇਸ਼ ਵਿੱਚ ਰਾਸ਼ਟਰੀ ਕੈਡੇਟ ਕੋਰ ਦੇ ਕੰਮਕਾਜ ਲਈ ਜ਼ਿੰਮੇਵਾਰ ਹੁੰਦਾ ਹੈ। ਉਹ ਆਪਣੇ ਪੱਧਰ 'ਤੇ ਕੁਝ ਮਹੱਤਵਪੂਰਨ ਫੈਸਲੇ ਲੈਣ ਲਈ ਅਧਿਕਾਰਤ ਵਿਅਕਤੀ ਹੈ। ਇੰਡੀਆ ਨੂੰ ਬਿਹਤਰ ਪ੍ਰਬੰਧਨ ਅਤੇ ਸਿਖਲਾਈ ਲਈ ਦੇਸ਼ ਭਰ ਵਿੱਚ ਵੱਖ-ਵੱਖ ਪੱਧਰਾਂ ਵਿੱਚ ਵੰਡਿਆ ਗਿਆ ਹੈ। ਸਹੂਲਤ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ, ਦੇਸ਼ ਨੂੰ 17 ਡਾਇਰੈਕਟੋਰੇਟਾਂ ਵਿੱਚ ਵੰਡਿਆ ਗਿਆ ਹੈ ਜੋ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕਵਰ ਕਰਦੇ ਹਨ। ਹਰੇਕ ਰਾਜ ਨੈਸ਼ਨਲ ਕੈਡੇਟ ਕੋਰ ਡਾਇਰੈਕਟੋਰੇਟ ਹੈੱਡਕੁਆਰਟਰ ਦੋ ਤੋਂ ਚੌਦਾਂ ਗਰੁੱਪ ਹੈੱਡਕੁਆਰਟਰਾਂ ਨੂੰ ਨਿਯੰਤਰਿਤ ਕਰਦਾ ਹੈ। ਜਦੋਂ ਕਿ ਬ੍ਰਿਗੇਡੀਅਰ ਜਾਂ ਉਨ੍ਹਾਂ ਦੇ ਬਰਾਬਰ ਦੇ ਸਾਰੇ ਡਾਇਰੈਕਟੋਰੇਟਾਂ ਦੀ ਕਮਾਂਡ, ਸਮੂਹਾਂ ਦੀ ਕਮਾਂਡ ਏਅਰ ਫੋਰਸ ਅਤੇ ਨੇਵੀ ਦੇ ਕਰਨਲ ਜਾਂ ਬਰਾਬਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ, ਐਨਸੀਸੀ ਯੂਨਿਟਾਂ ਦੀ ਕਮਾਂਡ ਮੇਜਰ/ਲੈਫਟੀਨੈਂਟ ਕਰਨਲ ਜਾਂ ਉਨ੍ਹਾਂ ਦੇ ਬਰਾਬਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ।

ਡਾਇਰੈਕਟੋਰੇਟ ਜਨਰਲ ਸਰਵਉੱਚ ਹੈ, ਸਾਰੇ ਡਾਇਰੈਕਟੋਰੇਟਾਂ ਨੂੰ ਨਿਯੰਤਰਿਤ ਕਰਦਾ ਹੈ, ਜੋ ਸਾਰੇ ਸਮੂਹਾਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹਨ। ਇਹ ਸਮੂਹ ਅੱਗੇ ਵੱਖ-ਵੱਖ ਇਕਾਈਆਂ ਦੇ ਬਣੇ ਹੁੰਦੇ ਹਨ ਅਤੇ ਸੀਨੀਅਰ ਡਿਵੀਜ਼ਨਾਂ ਜਾਂ ਜੂਨੀਅਰ ਡਿਵੀਜ਼ਨਾਂ ਵਿੱਚ ਵੰਡੇ ਜਾ ਸਕਦੇ ਹਨ। ਇਸ ਸੀਨੀਅਰ ਅਤੇ ਜੂਨੀਅਰ ਡਿਵੀਜ਼ਨ ਨੂੰ ਐਨ.ਸੀ.ਸੀ. ਉਮੀਦਵਾਰਾਂ ਨੂੰ ਦਿੱਤੀ ਜਾਂਦੀ ਕਾਲਜ ਪੱਧਰ ਅਤੇ ਸਕੂਲ ਪੱਧਰ ਦੀ ਸਿਖਲਾਈ ਦੇ ਰੂਪ ਵਿੱਚ ਕਿਹਾ ਜਾ ਸਕਦਾ ਹੈ।

## ਸਿਖਲਾਈ

ਨੈਸ਼ਨਲ ਕੈਡੇਟ ਕੋਰ ਪ੍ਰੋਗਰਾਮ ਅਧੀਨ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਇੱਕ ਸਵੈ-ਸੇਵੀ ਸੰਸਥਾ ਹੈ। ਸਕੂਲੀ ਵਿਦਿਆਰਥੀਆਂ ਦੀ ਵਿੱਚ ਸ਼ਾਮਲ ਹੋਣ ਲਈ ਘੱਟੋ-ਘੱਟ ਉਮਰ ਸੀਮਾ 13 ਹੈ; 13 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਦਿਆਰਥੀ ਜੂਨੀਅਰ ਕੈਡਿਟਾਂ ਵਜੋਂ ਸ਼ਾਮਲ ਹੋ ਸਕਦੇ ਹਨ ਅਤੇ 11ਵੀਂ ਜਮਾਤ ਅਤੇ ਇਸ ਤੋਂ ਵੱਧ ਦੇ ਵਿਦਿਆਰਥੀ ਇਸ ਸੰਸਥਾ ਵਿੱਚ ਸੀਨੀਅਰ ਕੈਡਿਟਾਂ ਵਜੋਂ ਸ਼ਾਮਲ ਹੋ ਸਕਦੇ ਹਨ। ਇਸ ਸੰਸਥਾ ਨੇ 32500 ਸੀਨੀਅਰ ਕੈਡਿਟਾਂ ਅਤੇ 135000 ਜੂਨੀਅਰ ਕੈਡਿਟਾਂ ਦੀ ਆਪਣੀ ਨਿਮਾਣੀ ਸ਼ੁਰੂਆਤ ਤੋਂ ਬਹੁਤ ਵੱਡਾ ਵਿਕਾਸ ਕੀਤਾ ਹੈ ਅਤੇ 4.33 ਲੱਖ ਸੀਨੀਅਰ ਕੈਡਿਟਾਂ ਅਤੇ 7.3 ਲੱਖ ਜੂਨੀਅਰ ਕੈਡਿਟਾਂ ਦੇ ਨਾਲ ਗਿਆਰਾਂ ਲੱਖ ਤੋਂ ਵੱਧ ਕੈਡਿਟਾਂ ਨੂੰ ਸਿਖਲਾਈ ਦਿੱਤੀ ਹੈ। ਵਰਤਮਾਨ ਵਿੱਚ, ਪੂਰੇ ਭਾਰਤ ਵਿੱਚ ਲਗਭਗ 4560 ਕਾਲਜਾਂ ਅਤੇ 7040 ਸਕੂਲਾਂ ਨੂੰ ਕਵਰ ਕਰਦਾ ਹੈ ਅਤੇ ਲਗਭਗ 1400 ਸਕੂਲ ਅਤੇ ਕਾਲਜ ਵਿੱਚ ਸ਼ਾਮਲ ਹੋਣ ਲਈ ਉਡੀਕ ਸੂਚੀ ਵਿੱਚ ਹਨ ਅਤੇ ਕੁਝ ਅੰਤਿਮ ਪ੍ਰਵਾਨਗੀਆਂ ਦੀ ਉਡੀਕ ਕਰ ਰਹੇ ਹਨ। ਦਿੱਤੀ ਗਈ ਸਿਖਲਾਈ ਦਾ ਮੁੱਖ ਉਦੇਸ਼ ਇਹ ਹੈ: ਨੌਜਵਾਨਾਂ ਵਿੱਚ ਚਰਿੱਤਰ, ਸਾਹਸ, ਕਾਮਰੇਡਸ਼ਿਪ, ਅਨੁਸ਼ਾਸਨ, ਧਰਮ ਨਿਰਪੱਖ ਦ੍ਰਿਸ਼ਟੀਕੋਣ, ਅਤੇ ਸਾਹਸ ਦੀ ਭਾਵਨਾ, ਖੇਡਾਂ ਅਤੇ ਨੌਜਵਾਨਾਂ ਵਿੱਚ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਦੀ ਗੁਣਵੱਤਾ ਦਾ ਵਿਕਾਸ ਕਰਨਾ ਤਾਂ ਜੋ ਉਨ੍ਹਾਂ ਨੂੰ ਲਾਭਦਾਇਕ ਨਾਗਰਿਕ ਬਣਾਇਆ ਜਾ ਸਕੇ ਜੋ ਆਪਣੇ ਦੇਸ਼ ਦੀ ਪ੍ਰਭਾਵਸ਼ਾਲੀ ਅਤੇ ਜੋਸ਼ ਨਾਲ ਸੇਵਾ ਕਰ ਸਕਣ।

ਹਥਿਆਰਬੰਦ ਸੈਨਾਵਾਂ ਸਮੇਤ ਜੀਵਨ ਦੇ ਹਰ ਖੇਤਰ ਵਿੱਚ ਲੀਡਰਸ਼ਿਪ ਦੇ ਗੁਣ ਪ੍ਰਦਾਨ ਕਰਨ ਅਤੇ ਉਹਨਾਂ ਨੂੰ ਇਸ ਤਰੀਕੇ ਨਾਲ ਸ਼ਕਤੀ ਪ੍ਰਦਾਨ ਕਰਨ ਲਈ ਨੌਜਵਾਨਾਂ ਨੂੰ ਸੰਗਠਿਤ ਕਰੋ, ਸਿਖਲਾਈ ਦਿਓ ਅਤੇ ਪ੍ਰੇਰਿਤ ਕਰੋ ਤਾਂ ਜੋ ਉਹ ਆਪਣੇ ਦੇਸ਼ ਦੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣ।

ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ। ਸ਼ੁਰੂਆਤੀ ਪੜਾਅ 'ਤੇ ਅਜਿਹੀ ਸਿਖਲਾਈ ਪ੍ਰਦਾਨ ਕਰਨ ਨਾਲ ਬਹੁਤ ਸੰਤੁਸ਼ਟੀ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਹੁੰਦੀ ਹੈ, ਨੌਜਵਾਨ ਅਸਲ ਵਿੱਚ ਰਾਸ਼ਟਰ ਪ੍ਰਤੀ ਸਮਰਪਿਤ ਹੋ ਜਾਂਦੇ ਹਨ ਅਤੇ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ, ਭਾਵੇਂ ਉਹ ਕੁਦਰਤੀ ਹੋਵੇ ਜਾਂ ਮਨੁੱਖ ਦੁਆਰਾ ਬਣਾਈ ਗਈ।

ਸਿਖਲਾਈ ਦੇਣ ਵਾਲੇ ਉਮੀਦਵਾਰਾਂ ਨੂੰ ਡ੍ਰਿਲ, ਸ਼ੂਟਿੰਗ, ਸਰੀਰਕ ਤੰਦਰੁਸਤੀ, ਨਕਸ਼ੇ ਪੜ੍ਹਨ, ਫਸਟ ਏਡ, ਗਲਾਈਡਿੰਗ/ਫਲਾਇੰਗ, ਕਿਸ਼ਤੀ ਖਿੱਚਣ, ਸਮੁੰਦਰੀ ਸਫ਼ਰ ਅਤੇ ਕੈਂਪ ਸਿਖਲਾਈ ਵਿੱਚ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਫੌਜ, ਨੇਵੀ ਅਤੇ ਹਵਾਈ ਸੈਨਾ ਵਿੱਚ ਫੌਜੀ ਸਿਖਲਾਈ ਦੀਆਂ ਲਗਭਗ ਸਾਰੀਆਂ ਬੁਨਿਆਦੀ ਗੱਲਾਂ ਸ਼ਾਮਲ ਹੁੰਦੀਆਂ ਹਨ। ਐਨਸੀਸੀ ਦੀ ਸਿਖਲਾਈ ਜ਼ਿਆਦਾਤਰ ਕੈਡਿਟਾਂ ਦੁਆਰਾ ਸਕੂਲਾਂ ਅਤੇ ਕਾਲਜਾਂ ਵਿੱਚ ਕੀਤੀ ਜਾਂਦੀ ਹੈ। ਸਿਖਲਾਈ ਅਸਲ ਵਿੱਚ ਸਖ਼ਤ ਨਹੀਂ ਹੈ ਅਤੇ ਕੁਝ ਆਮ ਯੋਗਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਸਿਖਲਾਈ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਤੁਹਾਡੇ ਕੋਲ ਕੁਝ ਅਸਾਧਾਰਨ ਹੁਨਰ ਜਾਂ ਸਰੀਰ ਹੋਣ ਦੀ ਲੋੜ ਹੈ; ਕੁਝ ਆਮ ਹੁਨਰ ਤੁਹਾਨੂੰ ਸਫਲਤਾਪੂਰਵਕ ਪੂਰਾ ਕਰਨ ਵਿੱਚ ਮਦਦ ਕਰਨਗੇ। ਤੁਹਾਨੂੰ ਸਿਰਫ਼ ਪੱਕੇ ਇਰਾਦੇ ਦੀ ਲੋੜ ਹੈ। ਕੈਡਿਟਾਂ ਨੂੰ ਜਿਸ ਸੇਵਾ ਬਾਰੇ ਸਿਖਾਇਆ ਜਾ ਰਿਹਾ ਹੈ, ਉਸ ਦੇ ਆਧਾਰ 'ਤੇ, ਕੈਡਿਟਾਂ ਨੂੰ ਉਸ ਸੇਵਾ ਦਾ ਮੁਢਲਾ ਗਿਆਨ ਵੀ ਦਿੱਤਾ ਜਾਂਦਾ ਹੈ, ਜਿਸ ਵਿਚ ਗਲਾਈਡਿੰਗ, ਏਅਰ ਵਿੰਗ ਕੈਡਿਟਾਂ ਲਈ ਸੰਚਾਲਿਤ ਉਡਾਣ ਅਤੇ ਕਿਸ਼ਤੀ ਖਿੱਚਣ, ਨੇਵਲ ਵਿੰਗ ਦੇ ਕੈਡਿਟਾਂ ਲਈ ਸਮੁੰਦਰੀ ਸਫ਼ਰ, ਸੰਸਥਾਗਤ ਦਾ ਹਿੱਸਾ ਬਣ ਸਕਦਾ ਹੈ। ਸਿਖਲਾਈ ਇਹਨਾਂ ਗਤੀਵਿਧੀਆਂ ਵਿੱਚ ਪੂਰੇ ਸਿਲੇਬਸ ਦਾ ਲਗਭਗ 50% ਸ਼ਾਮਲ ਹੁੰਦਾ ਹੈ ਜੋ ਇੱਕ ਉਮੀਦਵਾਰ ਨੂੰ ਸਿਖਾਇਆ ਜਾਂਦਾ ਹੈ।

## ਦੁਆਰਾ ਸਮਾਜ ਸੇਵਾ ਦੀਆਂ ਗਤੀਵਿਧੀਆਂ

ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ.) ਦੇ ਮੁੱਖ ਉਦੇਸ਼ਾਂ ਵਿੱਚੋਂ ਇੱਕ ਦੇਸ਼ ਦੇ ਨਾਗਰਿਕਾਂ ਪ੍ਰਤੀ ਕੁਝ ਪ੍ਰਭਾਵਸ਼ਾਲੀ ਸਮਾਜ ਸੇਵਾ ਪ੍ਰਦਾਨ ਕਰਨਾ ਹੈ। ਨੇ ਕੈਡਿਟਾਂ ਵਿੱਚ ਸਮਾਜ ਪ੍ਰਤੀ ਨਿਰਸਵਾਰਥ ਸੇਵਾ, ਸਵੈ-ਸਹਾਇਤਾ ਦੀ ਮਹੱਤਤਾ, ਵਾਤਾਵਰਣ ਦੀ ਸੁਰੱਖਿਆ ਦੀ ਲੋੜ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉਨ੍ਹਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਦੇ ਉਦੇਸ਼ ਨਾਲ ਕਮਿਊਨਿਟੀ ਵਿਕਾਸ ਗਤੀਵਿਧੀਆਂ ਨੂੰ ਅਪਣਾਇਆ ਹੈ। ਇਹ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਕੀਤਾ ਜਾਂਦਾ ਹੈ ਜਿਸਦਾ ਉਦੇਸ਼ ਸਮਾਜ ਦੀ ਮਦਦ ਕਰਨਾ ਹੈ ਅਤੇ ਇਸ ਦੌਰਾਨ ਉਮੀਦਵਾਰਾਂ ਵਿੱਚ ਆਪਣੇ ਸਮਾਜ, ਭਾਈਚਾਰੇ ਅਤੇ ਦੇਸ਼ ਦੀ ਮਦਦ ਕਰਨ ਪ੍ਰਤੀ ਜੋਸ਼ ਪੈਦਾ ਕਰਨਾ ਹੈ। ਸਮਾਜ ਸੇਵਾ ਪ੍ਰਤੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ:

ਵੱਖ-ਵੱਖ ਕੈਂਪਾਂ ਅਤੇ ਸੈਮੀਨਾਰਾਂ ਵਿੱਚ ਬਾਲਗ-ਸਿੱਖਿਆ ਪ੍ਰਦਾਨ ਕਰਨਾ

ਜਲਵਾਯੂ ਸੰਤੁਲਨ ਨੂੰ ਯਕੀਨੀ ਬਣਾਉਣ ਲਈ ਰੁੱਖ ਲਗਾਓ

ਖੂਨਦਾਨ ਕੈਂਪਾਂ ਦਾ ਉਦੇਸ਼ ਤੁਰੰਤ ਲੋੜਵੰਦਾਂ ਦੀ ਮਦਦ ਲਈ ਖੂਨ ਇਕੱਠਾ ਕਰਨਾ ਹੈ

ਵੱਖ-ਵੱਖ ਰੈਲੀਆਂ ਦੇ ਰੂਪ ਵਿੱਚ ਦਾਜ ਦੇ ਖਿਲਾਫ ਮੁਹਿੰਮ ਚਲਾਈ

ਮਾਦਾ ਭਰੂਣ ਹੱਤਿਆ ਵਿਰੋਧੀ ਸਹੁੰ

ਐਂਟੀ ਲੈਪਰੋਸੀ ਡਰਾਈਵ ਲੋਕਾਂ ਨੂੰ ਬਿਮਾਰੀ ਬਾਰੇ ਜਾਗਰੂਕ ਕਰਨ ਅਤੇ ਇਲਾਜ ਬਾਰੇ ਵੀ ਜਾਣਕਾਰੀ ਦੇਣ ਲਈ

ਇਸ ਬਿਮਾਰੀ ਬਾਰੇ ਜਾਣਕਾਰੀ ਫੈਲਾਉਣ ਲਈ ਏਡਜ਼ ਜਾਗਰੂਕਤਾ ਰੈਲੀ ਕੱਢੀ ਅਤੇ ਇਸ ਤੋਂ ਬਚਾਅ ਸਬੰਧੀ ਕੁਝ ਨੁਕਤਿਆਂ ਬਾਰੇ ਵੀ ਜਾਣਕਾਰੀ ਦਿੱਤੀ

ਓਲਡ ਏਜ ਹੋਮਜ਼ ਦਾ ਦੌਰਾ ਕਰਨਾ ਅਤੇ ਉੱਥੇ ਸੀਨੀਅਰ ਨਾਗਰਿਕਾਂ ਨਾਲ ਕੁਝ ਸਮਾਂ ਬਿਤਾਉਣਾ

ਝੁੱਗੀ-ਝੌਂਪੜੀ ਦੀ ਨਿਕਾਸੀ ਵਿੱਚ ਮਦਦ ਪ੍ਰਦਾਨ ਕਰਨਾ

ਜੰਗ ਅਤੇ ਮਹਾਂਮਾਰੀ ਦੇ ਸਮੇਂ ਆਫ਼ਤ ਪ੍ਰਬੰਧਨ ਅਤੇ ਰਾਹਤ

ਯੁਵਾ ਇੱਕ ਪ੍ਰਮੁੱਖ ਕਾਰਕ ਹੈ ਜੋ ਕਿਸੇ ਰਾਸ਼ਟਰ ਦੀ ਸਮੁੱਚੀ ਸਫਲਤਾ ਦਰ ਨੂੰ ਨਿਰਧਾਰਤ ਕਰਦਾ ਹੈ। ਇੱਕ ਸਿੱਖਿਅਤ ਅਤੇ ਸਸ਼ਕਤ ਨੌਜਵਾਨ ਸ਼ਕਤੀ ਇੱਕ ਰਾਸ਼ਟਰ ਨੂੰ ਸਫਲਤਾ ਵੱਲ ਲੈ ਜਾ ਸਕਦੀ ਹੈ ਜਦੋਂ ਕਿ ਉਹਨਾਂ ਵਿੱਚ ਨਕਾਰਾਤਮਕ ਸ਼ਕਤੀਆਂ ਨਸ਼ਾਖੋਰੀ, ਅੱਤਵਾਦ ਜਾਂ ਲੁੱਟ-ਖੋਹ ਵਰਗੀਆਂ ਕੁਝ ਕਾਰਵਾਈਆਂ ਵੱਲ ਵਧ ਸਕਦੀਆਂ ਹਨ। ਦੇਸ਼ ਦੇ ਨੌਜਵਾਨਾਂ ਵਿੱਚ ਸਮਾਜਿਕ ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਉਹਨਾਂ ਦੀ ਊਰਜਾ ਨੂੰ ਉਹਨਾਂ ਦੇ ਨਾਲ-ਨਾਲ ਸਮਾਜ ਲਈ ਲਾਭਦਾਇਕ ਬਣਾਉਣ ਲਈ ਵਰਤਦਾ ਹੈ। ਵੱਖ-ਵੱਖ ਸਮਾਜ ਸੇਵੀ ਗਤੀਵਿਧੀਆਂ ਜਿਵੇਂ ਕਿ ਬਿਪਤਾ ਦੇ ਸਮੇਂ ਪ੍ਰਸ਼ਾਸਨ ਨੂੰ ਸਹਾਇਤਾ, ਵਾਤਾਵਰਣ ਅਤੇ ਵਾਤਾਵਰਣ ਦੀ ਸੰਭਾਲ, ਖੂਨਦਾਨ ਮੁਹਿੰਮਾਂ, ਸਾਖਰਤਾ ਪ੍ਰੋਗਰਾਮ ਅਤੇ ਨਿਰਮਾਣ ਅਤੇ ਸਫਾਈ ਮੁਹਿੰਮਾਂ ਚਲਾਉਂਦਾ ਹੈ ਅਤੇ ਦੇਸ਼ ਦੇ ਨੌਜਵਾਨਾਂ ਨੂੰ ਸਵੈ-ਸੁਧਾਰ ਅਤੇ ਸਮਾਜ ਸੇਵਾ ਲਈ ਇੱਕ ਪ੍ਰਭਾਵਸ਼ਾਲੀ ਦਿਸ਼ਾ ਪ੍ਰਦਾਨ ਕਰਦਾ ਹੈ। ਦੇ ਨਾਲ ਨਾਲ. ਇਸ ਦੌਰਾਨ ਉਨ੍ਹਾਂ ਨੂੰ ਇਹ ਵੀ ਸਿਖਾਇਆ ਜਾਂਦਾ ਹੈ ਕਿ ਜ਼ਿੰਦਗੀ ਵਿਚ ਸਫ਼ਲ ਹੋਣ ਲਈ ਵੱਡੀ ਤਕਲੀਫ਼ ਵਿਚ ਵੀ ਗਿਲੇ-ਸ਼ਿਕਵੇ ਉਠਾਉਣ ਦੀ ਦਲੇਰੀ ਕਰਨੀ ਪੈਂਦੀ ਹੈ।

## ਸਿਖਲਾਈ ਦੀ ਮਿਆਦ

ਸੀਨੀਅਰ ਡਵੀਜ਼ਨ ਅਤੇ ਸੀਨੀਅਰ ਵਿੰਗ ਲਈ ਕੁੱਲ ਸਿਖਲਾਈ ਦੀ ਮਿਆਦ 2 ਸਾਲ ਹੈ। ਹਾਲਾਂਕਿ, ਇਸ ਮਿਆਦ ਨੂੰ 1 ਹੋਰ ਸਾਲ ਤੱਕ ਵਧਾਉਣ ਦੀ ਵੀ ਆਗਿਆ ਹੈ, ਹਾਲਾਂਕਿ ਜੂਨੀਅਰ ਡਵੀਜ਼ਨ ਅਤੇ ਜੂਨੀਅਰ ਵਿੰਗ ਲਈ ਸਿਖਲਾਈ ਦੀ ਮਿਆਦ 2 ਸਾਲ ਹੈ। ਸੀਨੀਅਰ ਜਾਂ ਜੂਨੀਅਰ ਡਿਵੀਜ਼ਨ ਦੇ ਹਰੇਕ ਕੈਡਿਟ ਨੂੰ ਸਿਖਲਾਈ ਸਾਲ ਦੌਰਾਨ ਹਫ਼ਤੇ ਵਿੱਚ ਘੱਟੋ-ਘੱਟ 4 ਘੰਟੇ ਦੀ ਸੇਵਾ ਸਿਖਲਾਈ ਲੈਣੀ ਪੈਂਦੀ ਹੈ। ਹਾਲਾਂਕਿ, ਕਾਲਜ ਜਾਂ ਸਕੂਲ ਵਿੱਚ ਛੁੱਟੀਆਂ ਦੇ ਸਮੇਂ ਦੌਰਾਨ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ ਜਿਸ ਰਾਹੀਂ ਇੱਕ ਕੈਡੇਟ ਦਾਖਲ ਹੁੰਦਾ ਹੈ। ਸਾਰੀ ਸਿਖਲਾਈ ਦੀ ਮਿਆਦ ਵਿੱਚੋਂ, ਸੀਨੀਅਰ ਅਤੇ ਜੂਨੀਅਰ ਡਿਵੀਜ਼ਨ ਦੇ ਹਰੇਕ ਕੈਡਿਟ ਨੂੰ ਸਾਲਾਨਾ ਕਾਲਜ ਅਤੇ ਸਕੂਲ ਸੈਸ਼ਨ ਦੌਰਾਨ ਕੁੱਲ ਘੰਟਿਆਂ ਦੇ ਘੱਟੋ-ਘੱਟ 75% ਸਮੇਂ ਲਈ ਸੇਵਾ ਸਿਖਲਾਈ ਲੈਣੀ ਪੈਂਦੀ ਹੈ, ਜੋ ਕਿ ਹਰੇਕ ਕੈਡਿਟ ਲਈ ਲਾਜ਼ਮੀ ਹੈ, ਸਿਵਾਏ ਕੁਝ ਮੈਡੀਕਲ ਕੇਸ. ਸਿਖਲਾਈ ਸਾਲ ਦੌਰਾਨ ਹਰੇਕ ਕੈਡਿਟ ਨੂੰ ਸੀਨੀਅਰ ਡਿਵੀਜ਼ਨ ਦੇ ਮਾਮਲੇ ਵਿੱਚ 14 ਦਿਨ ਅਤੇ ਜੂਨੀਅਰ ਡਿਵੀਜ਼ਨ ਦੇ ਮਾਮਲੇ ਵਿੱਚ 10 ਦਿਨਾਂ ਦੀ ਮਿਆਦ ਦੇ ਸਾਲਾਨਾ ਸਿਖਲਾਈ ਕੈਂਪ ਵਿੱਚ ਸ਼ਾਮਲ ਹੋਣ ਲਈ।

## ਯੂਥ ਐਕਸਚੇਂਜ ਪ੍ਰੋਗਰਾਮ

ਸਿਖਲਾਈ ਦੇ ਇੱਕ ਮਹੱਤਵਪੂਰਨ ਹਿੱਸੇ ਵਿੱਚ ਯੂਥ ਐਕਸਚੇਂਜ ਪ੍ਰੋਗਰਾਮ ਵੀ ਸ਼ਾਮਲ ਹੈ। ਇੱਥੇ ਬਹੁਤ ਸਾਰੇ ਪ੍ਰੋਗਰਾਮ ਚੱਲ ਰਹੇ ਹਨ। ਭਾਰਤ ਦੇ ਐਨਸੀਸੀ ਅਤੇ ਦੂਜੇ ਦੇਸ਼ਾਂ ਦੇ ਨੌਜਵਾਨ ਸੰਗਠਨਾਂ ਵਿਚਕਾਰ ਯੂਥ ਐਕਸਚੇਂਜ ਪ੍ਰੋਗਰਾਮ ਪਿਛਲੇ ਕਈ ਸਾਲਾਂ ਤੋਂ ਸਾਲਾਨਾ ਰੂਪ ਵਿੱਚ ਚਲਾਇਆ ਜਾਂਦਾ ਹੈ ਅਤੇ ਇਸ ਵਿੱਚ ਕਿਸੇ ਹੋਰ ਦੇਸ਼ ਵਿੱਚ 24 ਦਿਨਾਂ ਤੱਕ ਆਪਸੀ ਮੁਲਾਕਾਤਾਂ ਸ਼ਾਮਲ ਹੁੰਦੀਆਂ ਹਨ, ਜਿਸ ਵਿੱਚ ਕੈਡਿਟ ਪਰਿਵਾਰ, ਕਮਿਊਨਿਟੀ ਵਰਕ ਪ੍ਰੋਜੈਕਟ, ਵਿਦਿਅਕ ਗਤੀਵਿਧੀਆਂ ਆਦਿ ਦਾ ਕੰਮ ਕਰਦੇ ਹਨ। ਐਕਸਚੇਂਜ ਪ੍ਰੋਗਰਾਮ ਦਾ ਉਦੇਸ਼ ਆਪਸੀ ਸਤਿਕਾਰ, ਨਵੀਂ ਸਥਿਤੀ ਵਿੱਚ ਅਨੁਕੂਲਤਾ, ਨਵੇਂ ਲੋਕਾਂ ਵਿੱਚ ਕੰਮ ਕਰਨ ਦੀ ਸਿਖਲਾਈ, ਸਵੈ-ਅਨੁਸ਼ਾਸਨ, ਅੰਤਰ-ਸੱਭਿਆਚਾਰਕ ਸਿਖਲਾਈ ਅਤੇ ਸਭ ਤੋਂ ਵੱਧ, ਆਪਣੇ ਦੇਸ਼ ਲਈ ਪਿਆਰ ਨੂੰ ਵਿਕਸਤ ਕਰਨਾ ਹੈ। ਵਰਤਮਾਨ ਵਿੱਚ, ਭਾਰਤ ਦਾ ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ ਨਾਲ ਯੂਥ ਐਕਸਚੇਂਜ ਪ੍ਰੋਗਰਾਮ ਹੈ। ਇਨ੍ਹਾਂ ਵਿੱਚ ਆਸਟ੍ਰੇਲੀਆ, ਬੰਗਲਾਦੇਸ਼, ਭੂਟਾਨ, ਕੈਨੇਡਾ, ਮਾਲਦੀਵ, ਨੇਪਾਲ, ਸਿੰਗਾਪੁਰ, ਸ੍ਰੀਲੰਕਾ, ਯੂਨਾਈਟਿਡ ਕਿੰਗਡਮ ਅਤੇ ਵੀਅਤਨਾਮ ਆਦਿ ਸ਼ਾਮਲ ਹਨ। ਵੱਖ-ਵੱਖ ਦੇਸ਼ਾਂ ਨਾਲ ਇਹ ਆਦਾਨ-ਪ੍ਰਦਾਨ ਪ੍ਰੋਗਰਾਮ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਮਾਹੌਲ ਦੀ ਵਧੀ ਹੋਈ ਸਮਝ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਸਿੱਖ ਕੌਮ ਬਣਨ ਵਿੱਚ ਮਦਦ ਕਰਦੇ ਹਨ।

# ਕੀ ਦੇਹ ਵਪਾਰ ਵੀ ਪੇਸ਼ਾ ਹੈ?

ਲਕਸ਼ਮੀ ਕਾਂਤਾ ਚਾਵਲਾ



ਭਾਵੇਂ ਮਾਣਯੋਗ ਅਦਾਲਤ ਦੇ ਫੈਸਲਿਆਂ ਉੱਤੇ ਟਿੱਪਣੀ ਕਰਨਾ ਠੀਕ ਨਹੀਂ, ਪਰ ਮੇਰੇ ਸਮੇਤ ਹਰ ਭਾਰਤੀ ਨੂੰ ਇਹ ਸੁਣ ਕੇਦੁਖਦਾਈ ਹੈਰਾਨੀ ਹੋਈ ਕਿ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਦੇਹ ਵਪਾਰ ਨੂੰ ਇੱਕ ਪੇਸ਼ੇ ਦੇ ਤੌਰ ਉੱਤੇ ਸਵੀਕਾਰ ਕਰਨ ਦੀ ਗੱਲ ਕਹੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਸੰਵਿਧਾਨ ਦੀ ਧਾਰਾ 21 ਹੇਠ ਹਰ ਨਾਗਰਿਕ ਨੂੰ ਸਨਮਾਨ-ਜਨਕ ਜੀਵਨ ਜਿਊਣ ਦਾ ਅਧਿਕਾਰ ਹੈ। ਹੈਰਾਨੀ ਇਹ ਵੀ ਹੈ ਕਿ ਜਦੋਂ ਇੱਕ ਵਾਰ ਪ੍ਰਧਾਨ ਮੰਤਰੀ ਨੇ ਪਕੌੜੇ ਬਣਾਉਣ ਤੇ ਵੇਚਣ ਨੂੰ ਵੀ ਕੰਮ ਕਿਹਾ ਸੀ, ਉਦੋਂ ਦੇਸ਼ ਦੇ ਲਗਭਗ ਸਭ ਵਿਰੋਧੀ ਧਿਰ ਦੇ ਨੇਤਾਵਾਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ। ਮੈਂ ਨਹੀਂ ਜਾਣਦੀ ਕਿ ਮੋਦੀ ਨੇ ਇਹ ਗੱਲ ਕਿਸ ਸੰਦਰਭ ਵਿੱਚ ਕਹੀ ਸੀ, ਪਰ ਅੱਜ ਦੇਹ ਵਪਾਰ ਇੱਕ ਪੇਸ਼ਾ ਹੈ ਤੇ ਦੇਹ ਵਪਾਰ ਕਰਨ ਵਾਲੀਆਂ ਔਰਤਾਂ ਨੂੰ ਸਨਮਾਨ-ਜਨਕ ਜੀਵਨ ਜਿਊਣ ਦਾ ਅਧਿਕਾਰ ਹੈ, ਪੁਲਸ ਉਨ੍ਹਾਂ ਦੇ ਸਨਮਾਨ ਦੀ ਰੱਖਿਆ ਕਰੇ, ਇਹ ਹੁਕਮ ਅਦਾਲਤ ਨੇ ਦਿੱਤਾ ਹੈ। ਸਵਾਲ ਇਹ ਹੈ ਕਿ ਔਰਤਾਂ ਦੇ ਸ਼ੋਸ਼ਣ ਜਾਂ ਉਨ੍ਹਾਂ ਨੂੰ ਪੈਸਾ ਕਮਾਉਣ ਲਈ ਦੇਹ ਵਪਾਰ ਵਿੱਚ ਧੱਕਣ ਦਾ ਇਹ ਕਿੱਦਾਂ ਦਾ ਗੈਰ-ਸਨਮਾਨਜਨਕ ਤਰੀਕਾ ਕਿਹਾ ਗਿਆ ਹੈ।

ਉਹ ਕੰਮ ਜੋ ਇੱਜ਼ਤ ਵਾਲਾ ਨਹੀਂ, ਉਸ ਨੂੰ ਕਰਨ ਵਾਲਿਆਂ ਨੂੰ ਸਮਾਜ ਵਿੱਚ ਸਨਮਾਨ ਮਿਲੇ, ਕੀ ਇਹ ਸੰਭਵ ਹੈ? ਕੁਝ ਸਾਲ ਪਹਿਲਾਂ ਲਿਵ-ਇਨ ਰਿਲੇਸ਼ਨਸ਼ਿਪ ਅਰਥਾਤ ਸਹਿ-ਜੀਵਨ ਨੂੰ ਕਾਨੂੰਨੀ ਮਾਨਤਾ ਮਿਲ ਗਈ। ਕੋਈ ਪੁਰਸ਼ ਕਿਸੇ ਵੀ ਉਮਰ ਵਿੱਚ ਵਿਆਹੁਤਾ ਜਾਂ ਅਣਵਿਆਹੁਤਾ ਕਿਸੇ ਮਹਿਲਾ ਨਾਲ ਪਤੀ-ਪਤਨੀ ਵਾਂਗ ਰਹਿ ਸਕਦਾ ਹੈ। ਜਦ ਇਸ ਗੈਰ ਸਮਾਜੀ ਸੰਬੰਧ ਨੂੰ ਮਾਨਤਾ ਦਿੱਤੀ ਗਈ ਤਾਂ ਇਸ ਦਾ ਸ਼ਿਕਾਰ ਕਿੰਨੇ ਲੜਕੇ-ਲੜਕੀਆਂ ਹੋਈਆਂ। ਕਤਲ ਵੀ ਹੋਏ, ਖੁਦਕੁਸ਼ੀਆਂ ਵੀ ਅਤੇ ਇਨ੍ਹਾਂ ਲੜਕੀਆਂ ਨੂੰ ਵੀ ਕਾਨੂੰਨ ਨੇ ਹਰੀ ਝੰਡੀ ਪਤਾ ਕਿਉਂ ਨਹੀਂ ਦੇ ਦਿੱਤੀ, ਜੋ ਸਾਲ ਤੱਕ ਸਹਿਮਤੀ ਨਾਲ ਕਿਸੇ ਪੁਰਸ਼ ਨਾਲ ਪਤਨੀ ਵਾਂਗ ਰਹਿ ਕੇ ਫਿਰ ਉਸ ਉੱਤੇਬਲਾਤਕਾਰ ਦਾ ਕੇਸ ਦਰਜ ਕਰਵਾਉਂਦੀਆਂ ਹਨ। ਹੈਰਾਨੀ ਉਸ ਕਾਨੂੰਨ ਵਿਵਸਥਾ ਉੱਤੇ ਹੈ, ਜੋ ਸਹਿਮਤੀ ਨੂੰ ਮੰਨ ਲੈਂਦੀ ਹੈ, ਪਰ ਸਹਿਮਤੀ ਨਾਲ ਸੈਕਸ ਸੰਬੰਧ ਬਣਾਉਣ ਵਾਲਿਆਂ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚ ਕੱਸਦੀ ਹੈ। ਭਾਰਤ ਦੀ ਅਦਾਲਤ ਨੇ ਅਜਿਹਾ ਫੈਸਲਾ ਦਿੱਤਾ ਹੈ ਕਿ ਦੇਹ ਵਪਾਰ ਵੀ ਜਾਂ ਇੰਝ ਕਹੋ ਕਿ ਵੇਸਵਾਗਿਰੀ ਵੀ ਇੱਕ ਪ੍ਰੋਫੈਸ਼ਨ ਅਰਥਾਤ ਕਿੱਤਾ ਹੈ। ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਪੁਲਸ ਨੂੰ ਹੁਕਮ ਦਿੱਤਾ ਹੈ ਕਿ ਸੈਕਸ ਵਰਕਰਾਂ ਦੇ ਕੰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਪੁਲਸ ਨੂੰ ਬਾਲਗ ਅਤੇ ਸਹਿਮਤੀ ਨਲ ਸੈਕਸ ਵਰਕ ਕਰਦੀਆਂ ਔਰਤਾਂ ਉੱਤੇ ਅਪਰਾਧਕ ਕਾਰਵਾਈ ਨਹੀਂ ਕਰਨੀ ਚਾਹੀਦੀ।

ਕੋਰੋਨਾ ਕਾਲ ਵਿੱਚ ਸੈਕਸ ਵਰਕਰਾਂ ਦੇ ਸਨਮੁੱਖ ਜੋ ਪਰੇਸ਼ਾਨੀਆਂ ਸਨ, ਉਸ ਦੇ ਆਧਾਰ ਉੱਤੇ ਇੱਕ ਪਟੀਸ਼ਨ ਉੱਤੇ ਕੋਰਟ ਵਿੱਚ ਸੁਣਵਾਈ ਹੋਈ ਤੇ ਇਹ ਫੈਸਲਾ ਲਿਆ ਕਿ ਸੈਕਸ ਵਰਕਰ ਵੀ ਕਾਨੂੰਨ ਤਹਿਤ ਇੱਜ਼ਤ-ਮਾਣ ਅਤੇ ਸੁਰੱਖਿਆ ਦੇ ਹੱਕਦਾਰ ਹਨ। ਅਦਾਲਤ ਨੇ ਸੈਕਸ ਵਰਕਰਾਂ ਦੇ ਹੱਕਾਂ ਨੂੰ ਸੁਰੱਖਿਆ ਦੇਣ ਲਈ ਛੇ ਨਿਰਦੇਸ਼ ਜਾਰੀ ਕੀਤੇ ਅਤੇ ਕਿਹਾ ਕਿ ਸੈਕਸ ਵਰਕਰ ਵੀ ਦੇਸ਼ ਦੇ ਨਾਗਰਿਕ ਹਨ, ਉਹ ਵੀ ਕਾਨੂੰਨ ਵਿੱਚ ਸਮਾਨ ਹੱਕਾਂ ਤੇ ਕਾਨੂੰਨੀ ਹਿਫਾਜ਼ਤਾਂ ਦੇ ਹੱਕਦਾਰ ਹਨ। ਨਿਰਦੇਸ਼ ਇਹ ਵੀ ਦਿੱਤਾ ਗਿਆ ਕਿ ਜੇ ਪੁਲਸ ਨੂੰ ਕਿਸੇ ਵਜ੍ਹਾ ਕਾਰਨ ਉਨ੍ਹਾਂ ਦੇ ਘਰ ਉੱਤੇ ਛਾਪੇਮਰੀ ਕਰਨੀ ਪੈਂਦੀ ਹੈ ਤਾਂ ਸੈਕਸ ਵਰਕਰਾਂ ਨੂੰ ਗ੍ਰਿਫਤਾਰ ਜਾਂ ਪਰੇਸ਼ਾਨ ਨਾ ਕੀਤਾ ਜਾਵੇ ਕਿਉਂਕਿ ਆਪਣੀ ਮਰਜ਼ੀ ਨਾਲ ਵੇਸਵਾ ਬਣਨਾ ਨਾਜਾਇਜ਼ ਨਹੀਂ, ਸਿਰਫ ਵੇਸਵਾਗਮਨੀ ਦਾ ਅੱਡਾ ਚਲਾਉਣਾ ਗੈਰ ਕਾਨੂੰਨੀ ਹੈ।

ਮਹਿਲਾ ਸੈਕਸ ਵਰਕਰ ਹੈ ਤਾਂ ਇਸ ਕਾਰਨ ਹੀ ਮਾਂ ਨੂੰ ਉਸ ਨੂੰ ਬੱਚੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸੈਕਸ ਵਰਕਰਾਂ ਦੇ ਹੋਰ ਵੀ ਹੱਕਾਂ ਦੀ ਸੁਰੱਖਿਆ ਦੀ ਗੱਲ ਕਹੀ ਗਈ ਹੈ। ਸਵਾਲ ਇਹ ਹੈ ਕਿ ਦੇਹ ਵਪਾਰ ਅਪਰਾਧ ਨਹੀਂ, ਇਹ ਐਲਾਨ ਹੋ ਗਿਆ, ਪਰ ਸੂਬੇ ਦੀ ਪੁਲਸ ਹੋਟਲਾਂ ਵਿੱਚ, ਕਦੇ ਕਦੇ ਘਰਾਂ ਵਿੱਚ ਤੇ ਜਨਤਕ ਥਾਵਾਂ ਉੱਤੇ ਸਹਿਮਤੀ ਨਾਲ ਸੈਕਸ ਸੰਬੰਧ ਬਣਾਉਣ ਵਾਲਿਆਂ ਨੂੰ ਫੜਦੀ ਹੈ। ਉਨ੍ਹਾਂ ਉੱਤੇ ਕਾਨੂੰਨ ਦੀਆਂ ਕਈ ਧਾਰਾਵਾਂ ਲਾਉਂਦੀ ਅਤੇ ਕਾਨੂੰਨ ਵਿੱਚ ਜਕੜਦੀ ਹੈ ਤਾਂ ਕੀ ਪੂਰੇ ਦੇਸ਼ ਵਿੱਚ ਇਹ ਐਲਾਨ ਹੋ ਗਿਆ ਕਿ ਕੋਈ ਵੀ ਮਹਿਲਾ ਰੁਪਏ ਕਮਾਉਣ ਲਈ ਆਪਣਾ ਸਰੀਰ ਵੇਚ ਸਕਦੀ ਹੈ? ਵੈਸੇ ਸਾਡੇ ਦੇਸ਼ ਵਿੱਚ ਸਰੀਰ ਦੇ ਅੰਗ ਵੇਚਣਾ ਅਪਰਾਧ ਹੈ। ਜੇ ਕੋਈ ਪੈਸਿਆਂ ਬਦਲੇ ਗੁਰਦਾ, ਲਿਵਰ, ਅੱਖਾਂ ਆਦਿ ਅੰਗ ਵੇਚਦਾ ਹੈ ਤਾਂ ਉਸ ਨੂੰ ਘੋਰ ਅਪਰਾਧ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਖੂਨਦਾਨ ਦੇ ਨਾਂਅ ਉੱਤੇ ਕੋਈ ਕਮਾਈ ਕਰਦਾ ਹੈ, ਉਹ ਵੀ ਅਪਰਾਧੀ ਹੈ। ਜਦ ਸਰੀਰ ਦੇ ਅੰਗਾਂ ਦਾ ਵਪਾਰ ਨਹੀਂ ਕੀਤਾ ਜਾ ਸਕਦਾ ਤਾਂ ਸਰੀਰ ਦਾ ਵਪਾਰ ਕਿਉਂ? ਸਰੀਰ ਦਾ ਵਪਾਰ ਅਰਥਾਤ ਇੱਕ ਮਹਿਲਾ ਨੋਟਾਂ ਲਈ ਆਪਣੇ ਸਰੀਰ ਨੂੰ ਕਿਸੇ ਪੁਰਸ਼ ਦੇ ਹਵਾਲੇ ਕਰੇਗੀ ਤੇ ਉਸ ਦਾ ਸੈਕਸ ਸ਼ੋਸ਼ਣ ਹੋਵੇਗਾ। ਕੀ ਸਹਿਮਤੀ ਨਾਲ ਸੈਕਸ ਸ਼ੋਸ਼ਣ ਕਰਵਾਉਣਾ ਸਨਮਾਨਜਨਕ ਹੈ? ਭਾਰਤ ਦੀਆਂ ਰਵਾਇਤਾਂ ਅਨੁਸਾਰ ਹੈ? ਭਾਰਤ ਦੀਆਂ ਧੀਆਂ ਨੂੰ ਰੁਪਏ ਕਮਾਉਣ ਦਾ ਇਹ ਢੰਗ ਖੁੱਲ੍ਹੇ ਰੂਪ ਵਿੱਚ ਦੇਣਾ ਕੀ ਭਾਰਤੀਅਤਾ ਹੈ? ਪਤਾ ਨਹੀਂ ਕਿਉਂ ਸੰਨ 2010 ਵਿੱਚ ਸੈਕਸ ਵਰਕਰ ਮਹਿਲਾਵਾਂ ਦੇ ਮੁੜ ਵਸੇਬੇ ਲਈ ਸੁਪਰੀਮ ਕੋਰਟ ਵਿੱਚ ਲੋਕ ਹਿੱਤ ਪਟੀਸ਼ਨ ਦਾਇਰ ਹੋਈ ਸੀ। ਪਟੀਸ਼ਨ ਦੀ ਸੁਣਵਾਈ ਕਰ ਰਹੀ ਬੈਂਚ ਦੇ ਇੱਕ ਜੱਜ ਨੇ ਕਿਹਾ ਸੀ ਕਿ ਜੇ ਔਰਤਾਂ ਦੀ ਵੱਡੀ ਤਦਾਦ ਦੇਹ ਵਪਾਰ ਵਿੱਚ ਸ਼ਾਮਲ ਹੈ ਤਾਂ ਇਸ ਨੂੰ ਕਾਨੂੰਨੀ ਦਰਜਾ ਦੇ ਦੇਣਾ ਚਾਹੀਦਾ ਹੈ।

ਅਜਿਹੀ ਟਿੱਪਣੀ ਕਰਦੇ ਹੋਏ ਇਸ ਅਣਮਨੁੱਖੀ ਪੇਸ਼ੇ ਦੀ ਅੰਤਹੀਣ ਦਲਦਲ ਵਿੱਚ ਧੱਕੀਆਂ ਗਈਆਂ ਛੋਟੀਆਂ-ਛੋਟੀਆਂ ਬੱਚੀਆਂ ਦੀ ਦੁਰਦਸ਼ਾ ਉੱਤੇ ਗੌਰ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ। ਮੈਂ ਨਹੀਂ ਸਮਝ ਸਕੀ ਕਿ ਜੱਜ ਨੇ ਇਹ ਕਿਵੇਂ ਕਹਿ ਦਿੱਤਾ ਕਿ ਸੈਕਸ ਵਰਕਰ ਔਰਤਾਂ ਦੀ ਗਿਣਤੀ ਜੇ ਬਹੁਤ ਵੱਡੀ ਹੈ ਤਾਂ ਸਾਨੂੰ ਇਸ ਨੂੰ ਕਾਨੂੰਨੀ ਦਰਜਾ ਦੇ ਦੇਣਾ ਚਹੀਦਾ ਹੈ। ਇਸ ਦਾ ਸਿੱਧਾ ਅਰਥ ਇਹ ਨਹੀਂ ਕਿ ਜੇ ਦੇਸ਼ ਵਿੱਚ ਤਸਕਰੀ ਕਰਨ ਵਾਲੇ, ਨਸ਼ੇ ਵੇਚਣ ਵਾਲੇ, ਮਿਲਾਵਟਖੋਰ, ਰਿਸ਼ਵਤਖੋਰ, ਗੈਂਗਸਟਰ ਤੇ ਗੈਰ ਸਮਾਜੀ ਅਨਸਰਾਂ ਦੀ ਗਿਣਤੀ ਵੱਧ ਹੋ ਜਾਵੇ ਤਾਂ ਉਨ੍ਹਾਂ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਜਾਵੇ? ਜੋ ਹਜ਼ਾਰਾਂ ਲੋਕਾਂ ਦੀ ਭੀੜ ਵਜੋਂ ਦੇਸ਼ ਦੇ ਅਨੇਕ ਨਗਰਾਂ ਵਿੱਚ ਦੰਗਾ ਕਰਦੇ ਹਨ, ਅੱਗ ਲਾਉਂਦੇ ਹਨ, ਲੁੱਟ ਖੋਹ ਕਰਦੇ ਹਨ ਤਾਂ ਕੀ ਉਨ੍ਹਾਂ ਦੀ ਗਿਣਤੀ ਜ਼ਿਆਦਾ ਹੈ, ਇਸ ਲਈ ਉਨ੍ਹਾਂ ਦੇ ਅਪਰਾਧ ਨੂੰ ਕਾਨੂੰਨੀ ਮਾਨਤਾ ਦੇ ਦੇਣੀ ਚਾਹੀਦੀ ਹੈ? ਇਸ ਦੇਸ਼ ਦੀ ਸਰਕਾਰ ਨੂੰ ਸੋਚਣਾ ਹੋਵੇਗਾ। ਹੋਣਾ ਇਹ ਚਾਹੀਦਾ ਹੈ ਕਿ ਕਰੋੜਾਂ ਔਰਤਾਂ ਵੇਸਵਾਗਮਨੀ ਵਿੱਚ ਪੈ ਕੇ ਨਰਕ ਵਰਗੀ ਜ਼ਿੰਦਗੀ ਕੱਟ ਰਹੀਆਂ ਹਨ ਤਾਂ ਉਨ੍ਹਾਂ ਨੂੰ ਉਥੋਂ ਕੱਢਿਆ ਜਾਵੇ। ਕੁਝ ਲੋਕ ਦੂਜੇ ਦੇਸ਼ਾਂ ਦੀਆਂ ਲੜਕੀਆਂ ਤੋਂ ਭਾਰਤ ਵਿੱਚ ਮਸਾਜ ਸੈਂਟਰਾਂ ਦੇ ਨਾਂਅ ਉੱਤੇ ਦੇਹ ਵਪਾਰ ਕਰਵਾ ਰਹੇ ਹਨ। ਕਿਸੇ ਦੇਸ਼ ਵਿੱਚ ਨਾਰੀ ਦੀ ਜੋ ਹਾਲਤ ਹੈ, ਉਸੇ ਨਾਲ ਉਸ ਦੀ ਸੰਸਕ੍ਰਿਤੀ, ਸਭਿਅਤਾ ਤੇ ਸੰਸਕਾਰਾਂ ਦੀ ਪਰਖ ਹੁੰਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਹੈ ਕਿ ਇਸ ਫੈਸਲੇ ਦੀ ਗੰਭੀਰਤਾ ਦੇਖਦੇ ਹੋਏ ਇਸ ਨੂੰ ਦਰੁਸਤ ਕਰਵਾਇਆ ਜਾਵੇ।

# 'ਸਭ ਤੋਂ ਵੱਡੇ ਲੋਕਤੰਤਰ' ਵਿੱਚ ਨੈਤਿਕਤਾ ਤੇ ਜ਼ਿੰਮੇਵਾਰੀਆਂ ਦੀ ਘਾਟ

-ਆਕਾਰ ਪਟੇਲ



ਪਿਛਲੇ ਮਹੀਨੇ 100 ਤੋਂ ਵੱਧ ਸੇਵਾ-ਮੁਕਤ ਸਰਕਾਰੀ ਅਫਸਰਾਂ ਦੇ ਇੱਕ ਗਰੁੱਪ ਨੇ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਲਿਖਿਆ। ਇਸ ਉੱਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਰਿਸਰਚ ਐਂਡ ਅਨੈਲਿਸਿਜ਼ ਵਿੰਗ ਅਤੇ ਰਾਅ ਦੇ ਇੱਕ ਸਾਬਕਾ ਮੁਖੀ, ਇੱਕ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਸ਼ਾਮਲ ਹਨ। ਉਨ੍ਹਾਂ ਲਿਖਿਆ ਕਿ ਭਾਰਤ ਵਿੱਚ ਫਿਰਕੂ ਹਿੰਸਾ 'ਅੱਜ ਮਹਿਜ਼ ਕੱਟੜ ਹਿੰਦੂਤੱਵ ਪਛਾਣ ਦੀ ਸਿਆਸਤ ਤੇ ਨਾ ਫਿਰਕੂਪੁਣੇ ਦੇ ਕੜਾਹੇ ਨੂੰ ਉਬਲਦੇ ਰੱਖਣ ਦੀ ਇੱਕ ਕੋਸ਼ਿਸ਼ ਰਹਿ ਗਈ ਹੈ, ਇਹ ਸਭ ਦਹਾਕੇ ਤੋਂ ਚੱਲ ਰਿਹਾ ਹੈ ਅਤੇ ਬੀਤੇ ਕੁਝ ਸਾਲਾਂ ਤੋਂ ਇਹ ਨਵੀਂ ਕੋਸ਼ਿਸ਼ ਦਾ ਹਿੱਸਾ ਬਣ ਗਿਆ ਹੈ। ਜੋ ਚੀਜ਼ ਅੱਜ ਚਿੰਤਾਜਨਕ ਹੈ, ਉਹ ਹੈ ਸਾਡੇ ਸੰਵਿਧਾਨ ਦੇ ਮੁੱਢਲੇ ਨਿਯਮਾਂ ਅਤੇ ਕਾਨੂੰਨ ਦੇ ਸ਼ਾਸਨ ਨੂੰ ਬਹੁਲਤਾਵਾਦੀ ਤਾਕਤਾਂ ਦੇ ਅਧੀਨ ਕਰਨਾ, ਜਿਸ ਨਾਲ ਸਰਕਾਰ ਦੀ ਵੀ ਪੂਰੀ ਮਿਲੀਭੁਗਤ ਲੱਗਦੀ ਹੈ।'

ਪੱਤਰ ਵਿੱਚ ਜੋ ਕੁਝ ਕਿਹਾ ਗਿਆ ਹੈ, ਉਸ ਉੱਤੇਅਸਹਿਮਤੀ ਦਿਖਾਉਣਾ ਔਖਾ ਹੈ ਅਤੇ ਇਹ ਉਹ ਬਿੰਦੂ ਨਹੀਂ ਹੈ, ਜੋ ਮੈਂ ਉਠਾ ਰਿਹਾ ਹਾਂ। ਇਸ ਦੀ ਪ੍ਰਤੀਕਿਰਿਆ ਵਿੱਚ 100 ਤੋਂ ਵੱਧ ਹੋਰ ਸੇਵਾਮੁਕਤ ਸਰਕਾਰੀ ਅਫਸਰਾਂ ਦੇ ਗਰੁੱਪ ਨੇ ਹਿੰਦੂਤਵ ਦੀ ਸਿਆਸਤ ਦੇ ਸਮਰਥਨ ਵਿੱਚ ਲਿਖਿਆ ਅਤੇ ਦਸਤਖਤ ਕਰਨ ਵਾਲਿਆਂ ਉੱਤੇ ਇੱਕ ਵਾਰ ਫਿਰ ਇੱਥੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਸਾਬਕਾ ਰਾਅ ਮੁਖੀ ਅਤੇ ਸਾਬਕਾ ਐਨ ਐਮ ਏ ਸ਼ਾਮਲ ਹਨ, ਉਨ੍ਹਾਂ ਉੱਤੇ 'ਦੇਸ਼ ਵਿਰੋਧੀ' ਹੋਣ ਦਾ ਦੋਸ਼ ਲਾਇਆ ਗਿਆ ਹੈ। ਇਹ ਮੇਰੇ ਲਈ ਵੱਧ ਦਿਲਚਪ ਹੈ ਅਤੇ ਸਾਡੇ ਦੇਸ਼ ਦੇ ਅਫਸਰਾਂ ਦੀ ਸਥਿਤੀ ਨੂੰ ਦਰਸਾਉਂਦਾ ਹੈ। ਅੰਦਰੋਂ ਲੱਗਭਗ ਕੋਈ ਵੀ ਸਵਾਲ ਨਹੀਂ ਉਠਾ ਰਿਹਾ ਕਿ ਭਾਰਤ ਵਿੱਚ ਅੱਜ ਕੀ ਹੋ ਰਿਹਾ ਹੈ? ਮੈਂ ਦੋ ਆਈ ਏ ਐਸ ਅਫਸਰਾਂ ਦੇ ਬਾਰੇਸੋਚ ਸਕਦਾ ਹਾਂ ਜਿਨ੍ਹਾਂ ਨੇ ਇਸ ਰੋਸ ਵਜੋਂ ਸੇਵਾ ਛੱਡ ਦਿੱਤੀ ਕਿ ਸਰਕਾਰ ਕੀ ਕਰ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਨੌਜਵਾਨ ਅਧਿਕਾਰੀ ਕੰਨਨ ਗੋਪੀਨਾਥ ਹਨ, ਜਿਨ੍ਹਾਂ ਨੇ 2019 ਵਿੱਚ ਕਸ਼ਮੀਰੀਆਂ ਉੱਤੇ ਪਾਬੰਦੀ ਲਾਉਣ ਦੇ ਵਿਰੁੱਧ ਰੋਸ ਵਜੋਂ ਅਸਤੀਫਾ ਦੇ ਦਿੱਤਾ ਸੀ। ਹੋਰ ਹਨ ਹਰਸ਼ ਮੰਡੇਰ, ਜਿਨ੍ਹਾਂ ਨੇ ਗੁਜਰਾਤ ਵਿੱਚ ਸਮੂਹਿਕ ਕਤਲਾਂ ਦੇ ਵਿਰੋਧ ਵਿੱਚ 2002 ਵਿੱਚ ਅਸਤੀਫਾ ਦਿੱਤਾ ਸੀ।ਸ਼ਾਇਦ ਹੋਰ ਵੀ ਹਨ, ਪਰ ਬਹੁਤ ਵੱਧ ਨਹੀਂ ਹੋ ਸਕਦੇ। ਜਾਪਦਾ ਹੈ ਕਿ ਬਾਕੀਆਂ ਨੇ ਜਿਸ ਸਰਕਾਰ ਵਿੱਚ ਉਹ ਕੰਮ ਕਰ ਰਹੇ ਹਨ, ਉਸ ਵਿੱਚ ਜੋ ਕੁਝ ਚੱਲ ਰਿਹਾ ਹੈ, ਉਸ ਨੂੰ ਪ੍ਰਵਾਨ ਕਰ ਲਿਆ ਜਾਂ ਉਨ੍ਹਾਂ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਪਰ ਕਿਸੇ ਹੋਰ ਕਾਰਨ ਕਰਕੇ ਆਪਣਾ ਕੰਮ ਜਾਰੀ ਰੱਖ ਰਹੇ ਹਨ ਜਾਂ ਇਹ ਪ੍ਰਭਾਵ ਜ਼ੀਰੋ ਹਨ ਅਤੇ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ ਕਿ ਸਰਕਾਰ ਕੀ ਕਰ ਰਹੀ ਹੈ।


ਇਹ ਕੋਈ ਛੋਟਾ ਮਾਮਲਾ ਨਹੀਂ ਤੇ ਭਾਰਤੀ ਨੈਤਿਕਤਾ ਨੂੰ ਦਰਸਾਉਂਦਾ ਹੈ। ਇਸਦਾ ਭਾਵ ਇਹ ਹੋਇਆ ਕਿ ਸਾਰੀ ਅਫਸਰਸ਼ਾਹੀ ਘੱਟਗਿਣਤੀਆਂ ਵਿਰੁੱਧ ਸਰਕਾਰ ਵੱਲੋਂ ਪ੍ਰੇਰਿਤ ਹਿੰਸਾ ਬਾਰੇ ਆਸਵੰਦ ਹੈ। ਉਹ ਸਨਕਪੂਰਨ ਆਰਥਿਕ ਨੀਤੀਆਂ ਬਾਰੇ ਯਕੀਨੀ ਹੈ, ਜਿਨ੍ਹਾਂ ਨੇ ਗਰੀਬਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ, ਜਿਵੇਂ ਉਨ੍ਹਾਂ ਦੇ ਕਰੰਸੀ ਨੋਟਾਂ ਨੂੰ ਖੋਹ ਲੈਣਾ (ਇਹ ਯਕੀਨੀ ਤੌਰ ਉੱਤੇ ਇੱਕ ਅਜਿਹਾ ਮੁੱਦਾ ਵੀ ਸੀ, ਜਿਸ ਨੂੰ ਲੈ ਕੇ ਅਸਤੀਫ਼ੇ ਦਿੱਤੇ ਗਏ)। ਹੋਰ ਚੀਜ਼ਾਂ ਇੱਥੋਂ ਪੈਦਾ ਹੁੰਦੀਆਂ ਹਨ। ਅਫਸਰ ਹੁਕਮਾਂ ਦੀ ਪਾਲਣਾ ਕਰਦੇ ਹਨ। ਜੋ ਬਿਨਾਂ ਕਾਨੂੰਨ ਦੇ ਕਿਸੇ ਸਮਰਥਨ ਦੇ ਗਰੀਬਾਂ ਦੇ ਘਰਾਂ ਤੇ ਦੁਕਾਨਾਂ ਉੱਤੇ ਬੁਲਡੋਜ਼ਰ ਚਲਾਉਂਦੇ ਹਨ ਅਤੇ ਜੋ ਸੁਪਰੀਮ ਕੋਰਟ ਵੱਲੋਂ ਸਟੇਅ ਦੇ ਬਾਵਜੂਦ ਘਰਾਂ ਨੂੰ ਤੋੜਨਾ ਜਾਰੀ ਰੱਖਦੇ ਹਨ (ਜਿਵੇਂ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਹੋਇਆ), ਇਸ ਵਿੱਚ ਚਾਹਵਾਨ ਮੁਕਾਬਲੇਬਾਜ਼ ਹਨ।

ਇੱਕ ਅਫਸਰ ਵੱਲੋਂ ਆਰੀਅਨ ਖਾਨ ਉੱਤੇ ਕੀਤਾ ਗਿਆ ਜ਼ੁਲਮ ਉਸ ਅਧਿਕਾਰੀ ਦੇ ਸਹਿਯੋਗੀਆਂ ਤੇ ਸੀਨੀਅਰ ਅਫਸਰਾਂ ਨੂੰ ਪ੍ਰਵਾਨ ਸੀ, ਕਿਉਂਕਿ ਉਨ੍ਹਾਂ ਨੇ ਹਵਾ ਦਾ ਰੁਖ ਮਹਿਸੂਸ ਕਰ ਲਿਆ ਅਤੇ ਇਹ ਸਮਝਿਆ ਸੀ ਕਿ ਸਰਕਾਰ ਉਸ ਉੱਤੇ ਮੁਕੱਦਮਾ ਚਲਾਉਣਾ ਚਾਹੁੰਦੀ ਸੀ।ਅੰਗਰੇਜ਼ੀ ਦੀ ਇੱਕ ਅਖ਼ਬਾਰ ਵਿੱਚ ਕਰੂਜ਼ ਡਰੱਗ ਛਾਪਾ ਕੇਸ ਬਾਰੇ ਛਪੇ ਇੱਕ ਲੇਖ ਵਿੱਚ ਕਿਹਾ ਗਿਆ ਕਿ ਇੱਕ ਅਧਿਕਾਰੀ ਦੁਸ਼ਟ ਬਣ ਗਿਆ, ਜਦਕਿ ਏਜੰਸੀ ਦਾ ਨਜ਼ੀਰੀਆਂ ਵੱਖਰਾ ਸੀ, ਜੋ ਇਸ ਕੇਸ ਬਾਰੇਕੁਝ ਦੱਸਦੀ ਹੈ। ਐਸ ਆਈ ਟੀ ਦੀ ਅੰਦਰੂਨੀ ਰਿਪੋਰਟ ਮੁਤਾਬਕ 'ਅਰਬਾਜ਼ (ਮਰਚੈਂਟ), ਆਰੀਅਨ ਖ਼ਾਨ ਦਾ ਮਿੱਤਰ, ਜਿਸ ਕੋਲੋਂ ਥੋੜ੍ਹੀ ਮਾਤਰਾ ਵਿੱਚ ਚਰਸ ਮਿਲੀ ਸੀ, ਵੱਲੋਂ ਸਪੱਸ਼ਟ ਤੌਰ ਉੱਤੇ ਨਾਂਹ ਕਰਨ ਦੇ ਬਾਵਜੂਦ ਇਹ ਹੈਰਾਨੀਜਨਕ ਹੈ ਕਿ ਆਰੀਅਨ ਦੇ ਡਰੱਗਜ਼ ਲੈਣ ਜਾਂ ਆਪਣੇ ਕੋਲ ਰੱਖਣ ਵਿੱਚ ਸ਼ਾਮਲ ਹੋਣ ਦੀ ਜਾਂਚ ਕਰਨ ਵਾਲੇ ਅਧਿਕਾਰੀ ਨੇ ਰਸਮੀ ਤੌਰ ਉੱਤੇ ਉਸ ਦਾ ਮੋਬਾਇਲ ਫੋਨ ਕਬਜ਼ੇ ਵਿੱਚ ਲਏ ਬਿਨਾਂ ਹੀ ਆਰੀਅਨ ਦੀ ਵ੍ਹਟਸਐਪ ਚੈਟ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਏਦਾਂ ਲੱਗਦਾ ਸੀ ਕਿ ਜਾਂਚ ਅਧਿਕਾਰੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਆਰੀਅਨ ਖਾਨ ਨੂੰ ਡਰੱਗ ਕੇਸ ਵਿੱਚ ਫਸਾਉਣ ਲਈ ਪ੍ਰੇਰਿਤ ਕੀਤਾ ਗਿਆ।ਵਿਭਾਗ ਅਤੇ ਉਸ ਦੇ ਅਧਿਕਾਰੀਆਂ ਨੇ ਇਸ 'ਦੁਸ਼ਟ' ਅਧਿਕਾਰੀ ਨੂੰ ਇੱਕ ਨਿਰਦੇਸ਼ ਵਿਅਕਤੀ ਨੂੰ ਫਸਾਉਣ ਤੋਂ ਕਿਉਂ ਨਹੀਂ ਰੋਕਿਆ, ਜਦਕਿ ਸਾਰਾ ਦੇਸ਼ ਹਫ਼ਤਿਆਂ ਤੋਂ ਇਹ ਸਭ ਦੇਖ ਰਿਹਾ ਸੀ ਤੇ ਮੀਡੀਆ ਅਤੇ ਭਾਜਪਾ ਸਰਕਾਰ ਨੇ ਉਸ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਇੱਕ ਵਾਰ ਫਿਰ ਜਵਾਬ ਇਹ ਹੈ ਕਿ ਜਾਂ ਉਨ੍ਹਾਂ ਨੇ ਇਸ ਨੂੰ ਮਨਜ਼ੂਰ ਕਰ ਲਿਆ ਜਾਂ ਨਾਮਨਜ਼ੂਰ ਕੀਤਾ ਅਤੇ ਦਖਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ। ਬਹੁਤ ਜ਼ਿਆਦਾ ਤਾਕਤਾਂ ਵਾਲੀ ਇੱਕ ਏਜੰਸੀ ਵਿੱਚ ਨੈਤਿਕਤਾ ਦੀ ਮੁਕੰਮਲ ਘਾਟ ਨਾਲ ਜ਼ਿੰਦਗੀਆਂ ਬਰਬਾਦ ਕਰਨੀਆਂ ਪ੍ਰਸ਼ਾਨਕੁੰਨ ਅਤੇ ਡਰਾਉਣਾ ਹੈ, ਪਰ ਇਸ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ।

ਇਹ ਨਹੀਂ ਜਾਪਦਾ ਕਿ ਸਾਡੇ ਵਿੱਚ ਇੱਕ ਅੰਦਰੂਨੀ ਗੁੱਸਾ ਹੈ ਜੋ ਇੱਕ ਲੋਕਤੰਤਰ ਵਿੱਚ ਜ਼ਰੂਰ ਹੋਣਾ ਚਾਹੀਦਾ ਹੈ। ਜਦੋਂ ਇਸ ਦੀਆਂ ਸ਼ਾਖਾਵਾਂ ਵਿੱਚੋਂ ਇੱਕ ਗਲਤੀ ਕੰਮ ਕਰਨਾ ਸ਼ੁਰੂ ਕਰਦੀ ਹੈ (ਜਾਂ 'ਦੁਸ਼ਟ ਬਣ ਜਾਂਦੀ ਹੈ') ਤਾਂ ਬਾਕੀਆਂ ਨੂੰ ਜ਼ਰੂਰ ਦਖ਼ਲ ਦੇਣਾ ਚਾਹੀਦਾ ਹੈ। ਅਮਰੀਕੀ ਇਸ ਨੂੰ ਕੰਟਰੋਲ ਅਤੇ ਸੰਤੁਲਨ ਕਹਿੰਦੇ ਹਨ ਅਤੇ ਇਹ ਨਿਆਂ ਪਾਲਿਕਾ, ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੀ ਇਹ ਯਕੀਨੀ ਕਰਨ ਦੀ ਸਮਰੱਥਾ ਹੈ ਕਿ ਤਿੰਨਾਂ ਵਿੱਚੋਂ ਕੋਈ ਆਪਣੀ ਹੱਦ ਪਾਰ ਨਾ ਕਰੇ। ਸਿਸਟਮ ਦਾ ਜ਼ਰੂਰੀ ਤੌਰ ਉੱਤੇ ਇਹ ਮੰਨਣਾ ਹੈ ਕਿ ਸਿਸਟਮ ਦੇ ਅੰਦਰ ਵਿਅਕਤੀ ਹਨ: ਜੱਜ, ਅਫਸਰ, ਪ੍ਰਸ਼ਾਸਕ ਤੇ ਚੁਣੇ ਹੋਏ ਪ੍ਰਤੀਨਿਧੀ, ਜਿਨ੍ਹਾਂ ਨੂੰ ਕੁਝ ਗਲਤ ਜਾਂ ਸਮੱਸਿਆ ਦਿਸਣ ਉੱਤੇ ਦਖਲ ਦੇਣਾ ਚਾਹੀਦਾ ਹੈ। ਲੱਗਦਾ ਹੈ ਕਿ ਇਸ ਨੇ ਉਨ੍ਹਾਂ ਲਈ ਕੰਮ ਕੀਤਾ ਹੈ, ਪਰ ਸਾਡੇ ਲਈ ਕੰਮ ਨਹੀਂ ਕਰ ਰਿਹਾ। ਸਾਨੂੰ ਖੁਦ ਕੋਲੋਂ ਪੁੱਛਣਾ ਚਾਹੀਦਾ ਹੈ ਕਿ 'ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ' ਵਿੱਚ ਨੈਤਿਕਤਾ ਅਤੇ ਨਿੱਜੀ ਜ਼ਿੰਮੇਵਾਰੀਆਂ ਦੀ ਅਜਿਹੀ ਘਾਟ ਕਿਉਂ ਹੈ?

# ਕਾਹਲੀ ਨਾਲੋਂ ਦੇਰ ਭਲੀ

-ਪ੍ਰਦੀਪ ਮਹਿਤਾ-



ਜੋ ਗੱਲ ਲੇਟ-ਲਤੀਫੀ ਵਿੱਚ ਹੈ, ਉਹ ਭਲਾ ਕਾਹਲੀ ਵਿੱਚ ਕਿੱਥੇ? ਇਸ ਨੂੰ ਅਸੀਂ ਇੰਝ ਕਹੀਏ ਕਿ ਇਹ ਸਮਾਂ ਲਟਕਾਊ ਜਾਂ ਟਾਲੂ ਜਾਂ ਟਾਲ-ਮਟੋਲ ਯੁੱਗ ਦਾ ਹੈ ਤਾਂ ਗਲਤ ਨਹੀਂ ਹੋਵੇਗਾ। ਜਿਸ ਨੂੰ ਦੇਖੋ, ਉਹੀ ਕੰਮ ਨੂੰ ਟਾਲੀ ਜਾ ਰਿਹਾ ਹੈ। ਟਾਲ-ਮਟੋਲ ਕੀਤਾ ਜਾ ਰਿਹਾ ਹੈ। ਇਸੇ ਅੰਦਾਜ਼ ਵਿੱਚ ਕਿ ਕਾਹਲੀ ਨਾਲੋਂ ਦੇਰ ਭਲੀ।ਅਦਾਲਤਾਂ ਵਿੱਚ ਫੈਸਲੇ ਦੀਆਂ ਫਾਈਲਾਂ ਸਾਲਾਂ ਤੋਂ ਸੜ ਰਹੀਆਂ ਹਨ ਤੇ ਬੰਦਾ ਇਹ ਸੋਚ ਕੇ ਖੁਦ ਨੂੰ ਦਿਲਾਸਾ ਦਿੰਦਾ ਰਹਿੰਦਾ ਹੈ ਕਿ ਉਡੀਕ ਕਰੋ, ਨਿਆਂ ਦਾ ਫਲ ਬੱਸ ਲੱਗਣ ਹੀ ਵਾਲਾ ਹੈ।ਤੁਸੀਂ ਬੱਸ ਸਟੈਂਡ ਦੀ ਬੁਕਿੰਗ ਵਿੰਡੋ ਉੱਤੇ ਖੜ੍ਹੇ ਹੋ। ਸਮਾਂ ਸਾਰਣੀ ਦੱਸ ਰਹੀ ਹੈ ਕਿ ਬੱਸ ਦੇ ਚੱਲਣ ਦਾ ਸਮਾਂ ਤਿੰਨ ਵਜੇ ਦਾ ਹੈ, ਪਰ ਚਾਰ ਵੱਜ ਰਹੇ ਹਨ। ਯਾਤਰੀਆਂ ਦੀ ਲਾਈਨ ਵਧ ਰਹੀ ਹੈ, ਨਾ ਤਾਂ ਬੱਸ ਦਾ ਪਤਾ ਅਤੇ ਨਾ ਬੁਕਿੰਗ ਕਲਰਕ ਦਾ।ਤੁਸੀਂ ਵਾਰ-ਵਾਰ ਘੜੀ ਦੇਖਦੇ ਹੋ। ਖਿੱਝ ਹੁੰਦੀ ਹੈ। ਉਡੀਕ ਘਰ ਦੀ ਦੀਵਾਰ ਉੱਤੇ ਲਿਖੀਆਂ ਲਾਈਨਾਂ ਤੁਹਾਡਾ ਮਜ਼ਾਕ ਉਡਾਉਂਦੀਆਂ ਹਨ, 'ਸਮੇਂ ਦਾ ਖਿਆਲ ਰੱਖੋ, ਸਮਾਂ ਤੁਹਾਡਾ ਖਿਆਲ ਰੱਖੇਗਾ।'

ਘੜੀ ਦੀਆਂ ਸੂਈਆਂ ਪੌਣੇ ਪੰਜ ਤੱਕ ਪਹੁੰਚ ਜਾਂਦੀਆਂ ਹਨ ਅਤੇ ਮਸਤੀ ਨਾਲ ਝੂਮਦੇ ਹੋਏ ਟਿਕਟ ਕੱਟਣ ਵਾਲਾ ਖਿੜਕੀ ਦੇ ਬਾਹਰ ਖੜ੍ਹੇ ਯਾਤਰੀਆਂ ਦਾ ਭਲਾ ਕਰਨ ਵਾਲਾ ਆ ਪਹੁੰਚਦਾ ਹੈ ਅਤੇ ਕਹਿੰਦਾ ਹੈ, "ਚਲੋ ਬੋਲੋ ਭਰਾਵੋ... ਕਿੱਥੋਂ ਦਾ ਟਿਕਟ... ਭਗਦੜ ਨਾ ਮਚਾਓ...ਬੱਸ ਕੋਈ ਛੁੱਟ ਨਹੀਂ ਰਹੀ।"

"ਭਾਈਜਾਨ, ਜਲਦੀ ਦਾ ਕੰਮ ਸ਼ੈਤਾਨ ਦਾ ਹੈ ਤੇ ਸਾਡੀ ਸਮਝ ਹੈ, ਤੁਸੀਂ ਸ਼ੈਤਾਨ ਬਰਾਦਰੀ ਦੇ ਨਹੀਂ ਹੋ ਸਕਦੇ।" ਕਹਿ ਕੇ ਬਾਊ ਕਾਰਬਨ ਲੱਭਦਾ ਹੈ ਕਿ ਬਾਪ-ਦਾਦਾ ਦੇ ਜ਼ਮਾਨੇ ਦੀ ਬਾਲ ਪੈੱਨ ਦੀ ਰਿਫਿਲ ਖਤਮ ਹੋ ਜਾਂਦੀ ਹੈ।"

"ਕੀ ਹੋ ਗਿਆ, ਭਰਾਵਾ?" ਤੁਸੀਂ ਪੁੱਛਦੇ ਹੋ।

ਰੈਡਮੇਡ ਉੱਤਰ ਮਿਲਦਾ ਹੈ, "ਸਰਕਾਰੀ ਜਾਇਦਾਦ ਤੁਹਾਡੀ ਜਾਇਦਾਦ ਹੈ। ਖਾਲੀ ਰਿਫਿਲ ਬੇਟਾ ਰੱਖ ਗਿਆ ਹੈ ਅਤੇ ਸਰਕਾਰੀ ਪੈਨ ਸਹੁਰਾ ਲੈ ਗਿਆ, ਤੁਸੀਂ ਦੱਸੋ, ਅਸੀਂ ਕੀ ਕਰੀਏ...।"

"ਕਰਨਾ ਕੀ ਹੈ, ਭਰਾਵਾ, ਫਟਾਫਟ ਕੱਟੋ, ਬਸ ਰਵਾਨਾ ਕਰੋ ਅਤੇ ਹੋਰ ਵੀ 1760 ਕੰਮ ਹਨ ਸਾਡੇ ਕੋਲ। ਮਸਤੀ ਮਾਰਨ ਨੂੰ ਤਾਂ ਮਨ੍ਹਾ ਨਹੀਂ ਕਰ ਰਹੇ।" ਤੁਸੀਂ ਸੰਜਮ ਦਾ ਪਰੀਚੈ ਦਿੰਦੇ ਹੋਏ ਕਹੋਗੇ।"

"ਤਾਂ ਕੀ ਅਸੀਂ ਮਸਤੀ ਮਾਰਨ ਆਏ ਹਾਂ ਇਸ ਤਪਦੀ ਦੁਪਹਿਰ ਵਿੱਚ ਇੱਥੇ?"

"ਕਿਉਂ ਰੌਲਾ ਪਾ ਰਹੇ ਹੋ ਭਾਈ। ਦੇਖ ਤਾਂ ਰਹੇ ਹੋ, ਕੰਮ ਹੀ ਕਰ ਰਹੇ ਹਾਂ ਬਾਊ ਸਾਹਿਬ, ਜਿੱਥੇ ਸਵਾ ਘੰਟਾ ਲੇਟ ਉਥੇ 15 ਮਿੰਟ ਹੋਰ ਸਹੀ।" ਗੁਆਂਢੀ ਯਾਤਰੀ ਸਮਝੌਤਾ ਨੀਤੀ ਨੂੰ ਪਾਨ ਨਾਲ ਚਬਾ ਕੇ ਕਹਿੰਦਾ ਹੈ।

ਆਪਣੀ ਤਰਫਦਾਰੀ ਦੇਖ ਕੇ ਬੁਕਿੰਗ ਕਲਰਕ ਖੁਸ਼ ਹੋ ਜਾਂਦਾ ਹੈ। ਧੰਨ ਹੈ ਇੱਥੋਂ ਦੀ ਧਰਤੀ ਅਤੇ ਇੱਥੋਂ ਦੇ ਲੋਕ। ਕਿੱਥੇ ਬਚਪਨ ਵਿੱਚ ਪੜ੍ਹਿਆ ਕਰਦੇ ਸੀ, 'ਟਾਈਮ ਇਜ਼ ਮਨੀ' ਅਤੇ ਕਿੱਥੇ ਇਸ 'ਮਨੀ' ਦੀਆਂ ਧੱਜੀਆਂ ਖੁੱਲ੍ਹੇਆਮ ਉਡ ਰਹੀਆਂ ਹਨ। ਗਲਤ ਕੰਮ ਨੂੰ ਰੋਕਣਾ ਦੂਰ, ਗਲਤੀਆਂ ਵੱਲ ਇਸ਼ਾਰਾ ਕਰਨ ਵਾਲਾ ਵੀ ਮੂਰਖਾਂ ਦੀ ਸ਼੍ਰੇਣੀ ਵਿੱਚ ਆਉਣ ਲੱਗਾ ਹੈ। ਖੁੱਲ੍ਹੇਆਮ ਮਨਮਾਨੀ ਹੋ ਰਹੀ ਹੈ। ਹੈ ਭਲਾ ਕੋਈ ਕਹਿਣ ਵਾਲਾ?

ਤੁਸੀਂ ਖਾਮੋਸ਼ ਹੁੰਦੇ ਹੋ, ਇਸ ਤੋਂ ਪਹਿਲਾਂ ਤੁਹਾਡੇ ਪਿੱਛੇ ਵਾਲਾ ਤੁਹਾਨੂੰ ਧੱਕਾ ਮਾਰ ਕੇ ਟਿਕਟ ਲੈ ਲੈਂਦਾ ਹੈ ਅਤੇ ਤੁਸੀਂ ਨਾ ਚਾਹੁੰਦੇ ਹੋਏ ਵੀ ਮਨ ਹੀ ਮਨ ਬੁੜਬੁੜ ਕਰਦੇ ਹੋ, 'ਕਾਹਲੀ ਨਾਲੋਂ ਦੇਰ ਭਲੀ'? ਕਾਹਲੀ ਨਾਲੋਂ ਦੇਰ ਭਲੀ ਜਾਂ 'ਬੈਟਰ ਲੇਟ ਦੈਂਨ ਨੈਵਰ' ਦੇ ਬੋਰਡ ਸਾਨੂੰ ਸੜਕਾਂ ਦੇ ਕੰਢੇ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ, ਪਰ ਗੱਡੀ ਚਾਲਕ ਚਿਤਾਵਨੀ ਦੀ ਥਾਂ ਕਿਸਮਤ ਉੱਤੇਵੱਧ ਵਿਸ਼ਵਾਸ ਰੱਖਦੇ ਹਨ। 'ਜਾਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ'। ਚਿਤਾਵਨੀ ਦਾ ਮਤਲਬ ਹੀ ਸੁਚੇਤ ਕਰਨਾ ਹੈ, ਬੋਰਡ ਨੇ ਸੁਚੇਤ ਕਰ ਦਿੱਤਾ। ਤੁਸੀਂ ਸੁਚੇਤ ਹੋਵੋ ਜਾਂ ਨਾ ਹੋਵੋ, ਤੁਹਾਡੀ ਮਰਜ਼ੀ।

ਜਗ੍ਹਾ ਜਗ੍ਹਾ ਚਿਤਾਵਨੀ ਦਿੱਤੀ ਜਾਂਦੀ ਹੈ। ਜੇਬ ਕਤਰਿਆਂ ਤੋਂ ਸਾਵਧਾਨ, ਫਿਰ ਵੀ ਸਿਪਾਹੀ ਦੇ ਸਾਹਮਣੇ ਤੁਹਾਡੀ ਜੇਬ ਸਾਫ ਹੋ ਜਾਂਦੀ ਹੈ। ਇਹ ਮਨੋਵਿਗਿਆਨ ਦਾ ਕਮਾਲ ਹੈ, ਭਾਈ ਸਾਹਿਬ, ਜਿਸ ਕੰਮ ਲਈ ਮਨ੍ਹਾ ਕੀਤਾ ਜਾਂਦਾ ਹੈ ਉਸੇ ਕੰਮ ਨੂੰ ਕਰਨ ਦਾ ਆਪਣਾ ਮਨ ਕਰਦਾ ਹੈ।ਉਪਦੇਸ਼ ਸੁਣਨ-ਪੜ੍ਹਨ ਵਿੱਚ ਚੰਗੇ ਲੱਗਦੇ ਹਨ। ਜਿਨ੍ਹਾਂ ਨੇ ਇੱਕ ਕੰਨ ਤੋਂ ਉਪਦੇਸ਼ ਸੁਣੇ ਅਤੇ ਦੂਸਰੇ ਕੰਨ ਤੋਂ ਕੱਢ ਦਿੱਤੇ, ਉਹ ਸੁਖੀ ਰਹੇ, ਸਫਲ ਰਹੇ, ਸਨਮਾਨਤ ਹੋਏ। ਉਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਭਰਾਵਾ ਉਪਦੇਸ਼ ਖਾਲਿਸ਼ ਪਾਰਾ ਹੁੰਦਾ ਹੈ, ਨਾ ਚਿਪਕਦਾ ਹੈ, ਨਾ ਪਕੜ ਵਿੱਚ ਆਉਂਦਾ ਹੈ। ਇਸ ਨੂੰ ਪਚਾਉਣਾ ਵੀ ਮੁਸ਼ਕਲ ਹੁੰਦਾ ਹੈ। ਪਾਰਾ ਪਚਾ ਕੇ ਕੀ ਮਰਨਾ ਏ?

ਮੈਂ ਉਪਦੇਸ਼ਾਂ ਨਾਲ ਘਿਰਿਆ ਹੋਇਆ, ਪ੍ਰੇਸ਼ਾਨ, ਚਿੰਤਤ ਅਤੇ ਨਾਲਾਇਕ ਹਾਂ, ਇਸ ਲਈ ਮੈਨੂੰ 'ਕਾਹਲੀ ਨਾਲੋਂ ਦੇਰ ਭਲੀ' ਦਾ ਅਰਥ ਨਹੀਂ ਪਤਾ। ਮੇਰੇ ਗੁਆਂਢੀ ਖੁਸ਼, ਲਾਇਕ ਅਤੇ ਯੋਗ ਹਨ। ਸਮੇਂ ਨੂੰ ਪਛਾਣਦੇ ਹਨ। ਹਮੇਸ਼ਾ ਉਹ ਲੋਕਾਂ ਨਾਲ ਘਿਰੇ ਰਹਿੰਦੇ ਹਨ।ਮੈਂ ਉਨ੍ਹਾਂ ਤੋਂ ਪੁੱਛਿਆ, "ਤੁਹਾਡੀ ਸਫਲਤਾ ਦਾ ਰਾਜ਼?"

ਉਹ ਮੁਸਕਰਾਉਂਦੇ ਹੋਏ ਬੋਲੇ, "ਕਾਹਲੀ ਨਾਲੋਂ ਦੇਰ ਭਲੀ।"

"ਕੀ ਮਤਲਬ?" ਮੈਂ ਸਵਾਲ ਉਛਾਲਿਆ।

ਉਨ੍ਹਾਂ ਕਿਹਾ, "ਵੈਰੀ ਸਿੰਪਲ ਆਪਣੇ-ਆਪ ਨੂੰ ਝੂਠ ਮੂਠ ਬਿਜ਼ੀ ਰੱਖੋ। ਫਾਈਲਾਂ ਨਾਲ ਸਿਰ ਝੁਕਾਈ ਰੱਖੋ।

"ਇਸ ਨਾਲ ਕੀ ਹੋਵੇਗਾ?" ਮੈਂ ਮੁੜ ਪੁੱਛਿਆ।

"ਤੁਹਾਡੇ ਭਾਅ ਵਧ ਜਾਣਗੇ।"

"ਉਹ ਕਿਵੇਂ?"

"ਉਹ ਇੰਝ ਭਰਾ, ਇਹ ਆਮ ਧਾਰਨਾ ਹੈ ਕਿ ਸਾਡੇ ਲੋਕਾਂ ਕੋਲ ਸਮਾਂ ਨਹੀਂ ਹੁੰਦਾ ਤੇ ਕੰਮ ਸਭ ਨੇ ਕਰਵਾਉਣਾ ਹੁੰਦਾ ਹੈ। ਕਾਨੂੰਨ ਦੇ ਪਾਇਦਾਨ ਜਾਂ ਨਿਯਮ ਦੀ ਪੌੜੀ ਨਾਲ ਕੰਮ ਦੀ ਫਾਈਲ ਕਦੇ ਨਹੀਂ ਲੱਭੀ ਜਾ ਸਕਦੀ।ਇਹ ਭੇਦ ਜੋ ਜਾਣਦੇ ਹਨ, ਉਹ ਰਿਸ਼ਵਤ ਦਾ ਪਰਸ ਖੋਲ੍ਹਦੇ ਹਨ। ਫਾਈਲ ਦੀ ਤਿਤਲੀ ਸੱਤ ਅਸਮਾਨ ਤੋਂ ਹੇਠਾਂ ਉੱਤਰੀ। ਕੰਮ ਉਨ੍ਹਾਂ ਦਾ ਪੂਰਾ ਹੋ ਗਿਆ ਅਤੇ 'ਕਾਹਲੀ ਤੋਂ ਦੇਰ ਭਲੀ' ਦੀ ਕਹਾਵਤ ਦੀ ਮਿੱਟੀ ਪਲੀਤ ਹੋ ਗਈ।"

ਮੈਨੂੰ ਸਮਝ ਆ ਰਹੀ ਸੀ। ਲੋਕ ਇੱਥੇ ਜਲਦੀ ਕੰਮ ਕਰਨ ਦੇ ਕਾਰਨ ਮੁਸਕਰਾ ਕੇ ਮੈਨੂੰ ਧੰਨਵਾਦ ਦਿੰਦੇ, ਉਥੇ ਪਰਸ ਖੋਲ੍ਹਣ ਲੱਗੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਤੁਹਾਡੀਆਂ ਅੰਤੜੀਆਂ ਧੰਨਵਾਦ ਨਹੀਂ, ਨੋਟ ਪਛਾਣੀਆਂ ਹਨ। ਮੈਂ ਵੀ ਲੋਕਾਂ ਨੂੰ ਕਹਿਣ ਲੱਗਾਂ ਹਾਂ, ਭਰਾ ਕਾਹਲੀ ਕਿਸ ਗੱਲ ਦੀ ਹੈ। ਕਾਹਲੀ ਨਾਲ ਕੰਮ ਉਲਟੇ-ਪੁਲਟੇ ਹੋ ਜਾਂਦੇ ਹਨ।

# ਸ਼ਰਤ

ਘਟਨਾ ਕੁਝ ਸਾਲ ਪਹਿਲਾਂ ਦੀ ਹੈ, ਹਰਿਆਣੇ ਵਿੱਚ ਨੌਕਰੀ ਕਰਦੀ ਸਾਂ। ਘਰਾਂ ਵਿੱਚ ਕੰਮ ਕਰਨ ਵਾਲੀਆਂ ਤੋਂ ਪ੍ਰਾਪਤ ਤਜਰਬਿਆਂ ਕਰ ਕੇ ਇਸ ਨਤੀਜੇ ਉੱਤੇ ਪੁੱਜੀ ਸਾਂ ਕਿ ਜਦ ਵੀ ਪੈਸੇ ਐਡਵਾਂਸ ਦਿੱਤੇ, ਉਹ ਕੰਮ ਛੱਡ ਜਾਂਦੀਆਂ। ਕਈ ਸਾਲਾਂ ਤੋਂ ਮੇਰੇ ਨਾਲ ਇਹ ਹੋ ਰਿਹਾ ਸੀ। ਜਦ ਕੋਈ ਨਵੀਂ ਔਰਤ ਕੰਮ ਲਈ ਆਉਂਦੀ, ਬੱਚੇ ਉਸ ਨੂੰ ਐਡਵਾਂਸ ਨਾ ਦੇਣ ਦੀ ਚਿਤਾਵਨੀ ਦੇ ਦਿੰਦੇ।

ਸਾਡੀ ਪੁਰਾਣੀ ਕੰਮ ਵਾਲੀ ਬਿਮਾਰ ਹੋਣ ਕਰ ਕੇ ਕੰਮ ਛੱਡ ਗਈ, ਤੇ ਨਵੀਂ ਔਰਤ ਕੰਮ ਲਈ ਮੇਰੇ ਮੂਹਰੇ ਖੜ੍ਹੀ ਸੀ। ਉਹਨੇ ਆਪਣੀਆਂ ਸ਼ਰਤਾਂ ਦੱਸੀਆਂ ਤੇ ਮੈਂ ਆਪਣੀਆਂ। ਤੁਰੰਤ ਸਹਿਮਤੀ ਹੋ ਗਈ। ਦੋਵੇਂ ਧਿਰਾਂ ਲੋੜਵੰਦ ਸਨ। ਉਹ ਹੁਣੇ ਹੁਣੇ ਕੰਮ ਦੀ ਤਲਾਸ਼ ਵਿੱਚ ਬੱਚੇ ਲੈ ਕੇ ਗੋਰਖਪੁਰ (ਯੂ ਪੀ) ਜ਼ਿਲੇ ਤੋਂ ਆਈ ਸੀ, ਤੇ ਮੈਂ ਸਰਵਾਈਕਲ ਤੇ ਪਿੱਠ ਦੇ ਦਰਦ ਕਰ ਕੇ ਝੁਕ ਕੇ ਕੰਮ ਕਰਨ ਤੋਂ ਆਹਰੀ ਸਾਂ। ਇੱਕ ਐਡਵਾਂਸ ਵਾਲੀ ਸ਼ਰਤ ਰਹਿੰਦੀ ਸੀ। ਮੈਂ ਉਸ ਨੂੰ ਸਮਝਾ ਦਿੱਤਾ, "ਮੇਰੇ ਕੋਲੋਂ ਕਦੇ ਐਡਵਾਂਸ ਨਾ ਮੰਗੀ, ਨੌਕਰੀ ਬੇਸ਼ੱਕ ਛੱਡ ਦੇਈਂ।" ਮੇਰੇ ਬੱਚੇ ਮੇਰੇ ਗੱਲ ਕਹਿਣ ਦੇ ਅੰਦਾਜ਼ ਉੱਤੇ ਮੁਸਕਰਾਏ।

ਉਸ ਔਰਤ ਨੇ ਅੱਗਿਓਂ ਹੱਸ ਕੇ ਕਿਹਾ, "ਲੈ ਬੀਬੀ ਜੀ, ਯੇ ਭਲਾ ਕੈਸੇ ਹੋਗਾ, ਹਮ ਗਰੀਬ ਲੋਕ ਹੈਂ, ਹਮੇ ਤੋਂ ਵਕਤ-ਬੇਵਕਤ ਜ਼ਰੂਰਤ ਪੜਤੀ ਹੀ ਰਹਿਤੀ ਹੈ। ਆਪ ਸੇ ਨਹੀਂ ਮਾਂਗੇਗੇ ਤਾਂ ਕਹਾਂ ਸੇ ਲੇਂਗੇ।"

"ਬੱਸ ਮੈਨੇ ਕਹਿ ਦੀਆ ਸੋ ਕਹਿ ਦੀਆ। ਮੰਜ਼ੂਰ ਹੋ ਤੋ ਕਾਮ ਲੇ ਲੱਗ ਜਾਓ, ਨਹੀਂ ਤੋ ਜਾਓ।" ਅੜੀਅਲ ਬੱਚੇ ਵਾਂਗ ਇਹ ਕਹਿ ਕੇ ਮੈਂ ਅੰਦਰ ਆ ਗਈ।

ਔਰਤ ਨੇ ਕੰਮ ਸ਼ੁਰੂ ਕਰ ਦਿੱਤਾ। ਉਸ ਦਾ ਨਾਉਂ ਬਿਮਲਾ ਸੀ। ਟਾਈਮ ਉੱਤੇ ਆਉਂਦੀ, ਕਦੇ ਨਾਗਾ ਨਾ ਕਰਦੀ। ਬਿਨਾਂ ਕਹੇ ਹੋਰ ਵੀ ਕੰਮ ਕਰ ਦਿੰਦੀ, ਬਿਸਤਰੇ ਠੀਕ ਕਰ ਦਿੰਦੀ, ਧੋਤ ਕੱਪੜੇ ਸੁੱਕਣੇ ਪਾ ਦਿੰਦੀ, ਡਰਾਇੰਗ ਰੂਮ ਦੇ ਫਰਨੀਚਰ ਦਾ ਝਾੜ ਪੂੰਝ ਕਰਦੀ। ਬੱਚਿਆਂ ਨੂੰ ਬਹੁਤ ਪਿਆਰ ਕਰਦੀ। ਹਰ ਵੇਲੇ 'ਬੇਬੀ', 'ਬਾਵਾ' ਕਹਿ ਪੁਚਕਾਰਦੀ ਰਹਿੰਦੀ। ਕਦੇ ਕੁਝ ਨਾ ਮੰਗਦੀ। ਆਪਣੀ ਮਰਜ਼ੀ ਨਾਲ ਜੋ ਦੇ ਦਿੰਦੇ, ਖੁਸ਼ੀ ਖੁਸ਼ੀ ਲੈ ਲੈਂਦੀ। ਉਸ ਨੇ ਆਪਣੀ ਤਨਖਾਹ ਤੋਂ ਬਿਨਾਂ ਕਦੇ ਅਵਡਾਂਸ ਵੀ ਨਾ ਮੰਗਿਆ। ਕਈ ਮਹੀਨੇ ਲੰਘ ਗਏ। ਅਸੀਂ ਸਾਰੇ ਉਸ ਤੋਂ ਬਹੁਤ ਖੁਸ਼ ਸਾਂ। ਸਾਨੂੰ ਉਹ ਆਪਣੇ ਘਰ ਦਾ ਜੀਅ ਲੱਗ ਲੱਗ ਪਈ ਸੀ। ਜੇ ਕਦੇ ਬਿਮਾਰ ਹੁੰਦੀ ਤੇ ਕੰਮ ਉੱਤੇ ਨਾ ਆਉਂਦੀ, ਅਸੀਂ ਸਾਰੇ ਬੇਚੈਨ ਹੋ ਜਾਂਦੇ, ਉਸ ਦੇ ਘਰ ਜਾ ਕੇ ਉਸ ਦਾ ਹਾਲ ਪੁੱਛ ਕੇ ਆਉਂਦੇ ਤੇ ਉਸ ਨੂੰ ਆਰਾਮ ਕਰਨ ਲਈ ਕਹਿੰਦੇ।

ਫਿਰ ਇੱਕ ਦਿਨ ਉਸ ਨੂੰ ਪੈਸਿਆਂ ਦੀ ਲੋੜ ਪੈ ਗਈ। ਮਹੀਨਾ ਅਜੇ ਸ਼ੁਰੂ ਹੋਇਆ ਸੀ। ਉਹ ਆਪਣੀ ਵਗਾਰ ਲੈ ਚੁੱਕੀ ਸੀ। ਉਸ ਨੇ ਬੜੇ ਸੰਕੋਚ ਨਾਲ ਆਪਣੀ ਮੰਗ ਰੱਖੀ, ਸ਼ਾਇਦ ਉਸ ਨੂੰ ਮੇਰੀ ਸ਼ਰਤ ਯਾਦ ਸੀ, ਪਰ ਅਸੀਂ ਉਸ ਦਾ ਵਧੀਆ ਰੰਗ-ਢੰਗ ਤੇ ਵਤੀਰਾ ਦੇਖ ਕੇ ਸਭ ਕੁਝ ਭੁੱਲ ਚੁੱਕੇ ਸਾਂ। ਮੈਂ ਝਟਪਟ ਪਰਸ ਵਿੱਚੋਂ 1500 ਰੁਪਏ ਕੱਢ ਕੇ ਉਸ ਨੂੰ ਫੜਾ ਦਿੱਤੇ। ਉਹ ਖੁਸ਼ੀ ਖੁਸ਼ੀ ਚਲੀ ਗਈ। ਅਗਲੇ ਦਿਨ ਉਹ ਮਠਿਆਈ ਦਾ ਡੱਬਾ ਲੈ ਕੇ ਆਈ। ਉਸ ਨੇ ਆਪਣੀ ਧੀ ਦਾ ਰੋਕਾ (ਮੰਗਣੀ) ਕਰ ਦਿੱਤਾ ਸੀ। ਉਹ ਮੇਰੀ ਬੜੀ ਸ਼ੁਕਰਗੁਜ਼ਾਰ ਸੀ, ਵਾਰ ਵਾਰ ਧੰਨਵਾਦ ਕਰੀ ਜਾਏ। ਮੈਂ ਪਿਆਰ ਨਾਲ ਕਿਹਾ, "ਬਿਮਲਾ ਧੰਨਵਾਦ ਦੀ ਲੋੜ ਨਹੀਂ। ਤੇਰੀ ਧੀ ਸਾਡੇ ਬੱਚਿਆਂ ਵਰਗੀ ਹੈ। ਮੈਨੂੰ ਖੁਸ਼ੀ ਹੈ ਕਿ ਸਭ ਕੁਝ ਠੀਕ ਤਰ੍ਹਾਂ ਸਿਰੇ ਚੜ੍ਹ ਗਿਆ।"

ਇੱਕ ਹਫਤਾ ਲੰਘਿਆ ਸੀ ਕਿ ਬਿਮਲ ਾ ਨੇ ਅਚਾਨਕ ਕੰਮ ਉੱਤੇ ਆਉਣਾ ਬੰਦ ਕਰ ਦਿੱਤਾ। ਦੋ ਚਾਰ ਦਿਨ ਅਸੀਂ ਬਹੁਤੀ ਗੌਰ ਨਹੀਂ ਕੀਤੀ, ਬਈ ਕਿਤੇ ਰਿਸ਼ਤੇਦਾਰੀ ਵਿੱਚ ਚਲੀ ਗਈ ਹੋਵੇਗੀ। ਫਿਰ ਪੁੱਛ ਪੜਤਾਲ ਸ਼ੁਰੂ ਹੋਈ ਤਾਂ ਪਤਾ ਲੱਗਿਆ, ਉਹ ਸਰੇ ਜਣੇ ਕਿਤੇ ਚਲੇ ਗਏ ਅਤੇ ਕੰਮ ਉਸ ਨੇ ਛੱਡ ਦਿੱਤਾ ਹੈ। ਸਾਨੂੰ ਬੜਾ ਧੱਕਾ ਲੱਗਿਆ। ਉਹੀ ਪੁਰਾਣੀ ਐਡਵਾਂਸ ਲੈ ਕੇ ਕੰਮ ਛੱਡਣ ਵਾਲੀ ਗੱਲ ਫਿਰ ਤਾਜ਼ਾ ਹੋ ਗਈ।

ਨਵੀਂ ਕੰਮ ਵਾਲੀ ਕੋਈ ਮਿਲੀ ਨਹੀਂ ਤੇ ਅਸੀਂ ਖੁਦ ਹੀ ਸਾਰਾ ਕੰਮ ਕਰ ਰਹੇ ਸਾਂ। ਇੱਕ ਦਿਨ ਸਟੋਰ ਦੀ ਸਫਾਈ ਕਰਨ ਲੱਗੀ ਤਾਂ ਦੇਖਿਆ ਕਿ ਭੂਰੇ ਰੰਗ ਦੇ ਕੱਪੜੇ ਵਿੱਚ ਲਿਪਟਿਆ ਕੋਈ ਡੱਬਾ ਜਿਹਾ ਪਿਆ ਸੀ। ਖੋਲ੍ਹਣ ਉੱਤੇ ਪਤਾ ਲੱਗਾ, ਇਹ ਨਵਾਂ ਨਕੋਰ ਰੇਡੀਓ ਸੀ। ਨਾਲ ਟੁੱਟੀ ਫੁੱਟੀ ਅੱਧ-ਕਚਰੀ ਹਿੰਦੀ ਵਿੱਚ ਚਿੱਠੀ ਵਿੱਚ ਲਿਖਿਆ ਸੀ-ਬੀਬੀ ਜੀ ਆਪ ਕੀ ਐਡਵਾਂਸ ਵਾਲੀ ਸ਼ਰਤ ਤੋ ਮੁਝੇ ਯਾਦ ਥੀ, ਪਰ ਮੈਂ ਕਿਆ ਕਰਤੀ, ਮੁਝੇ ਰੁਪਏ ਕੀ ਸਖਤ ਜ਼ਰੂਰਤ ਸੀ। ਔਰ ਕਹੀਂ ਸੇ ਨਹੀਂ ਮਿਲੇ, ਬੱਸ ਮਜਬੂਰੀ ਮੇਂ ਆਪਸੇ ਮਾਂਗਨੇ ਪੜੇ। ਮੈਨੇ ਲੜਕੀ ਕੇ ਦਹੇਜ ਕਾ ਯੇ ਰੇਡੀਓ ਆਪਕੇ ਸਟੋਰ ਨੇ ਰੱਖ ਦੀਆ ਹੈ, ਜਦ ਪੈਸੇ ਹੋਂਗੇ ਤੋ ਲੈ ਲੂੰਗੀ। ਵੈਸੇ ਏਕ ਬਿਨਤੀ ਹੈ, ਕਾਮ ਆਪ ਚਾਹੇ ਜਿਸ ਸੇ ਭੀ ਕਰਵਾਓ, ਪਰ ਆਪ ਐਡਵਾਂਸ ਵਾਲੀ ਸ਼ਰਤ ਮਤ ਰੱਖਣਾ, ਇਸ ਸੇ ਕਾਮ ਵਾਲੀ ਹਮੇਸ਼ਾ ਡਰਤੀ ਰਹਿਤੀ ਹੈ, ਇਸ ਲੀਏ ਸ਼ਾਇਦ ਵਹ ਕਾਮ ਭੀ ਠੀਕ ਸੇ ਨਹੀ ਕਰ ਪਾਤੀ...।

ਚਿੱਠੀ ਪੜ੍ਹ ਕੇ ਅਤੇ ਉਸ ਔਰਤ ਦਾ ਵਡੱਪਣ ਦੇਖ ਕੇ ਮੈਂ ਸੁੰਨ ਰਹਿ ਗਈ ਅਤੇ ਆਪਣੇ ਮਨ ਦੀ ਧਾਰਨਾ ਨੂੰ ਨਿਯਮ ਬਣ ਕੇ ਹਰ ਇੱਕ ਉੱਤੇ ਲਾਗੂ ਕਰਨ ਲਈ ਸ਼ਰਮਿੰਦਾ ਹੋ ਗਈ। ਸਟੋਰ ਬੰਦ ਕਰ ਕੇ ਰੇਡੀਓ ਉਸੇ ਤਰ੍ਹਾਂ ਭੂਰੇ ਕੱਪੜੇ ਵਿੱਚ ਲਪੇਟ ਕੇ ਰੱਖ ਦਿੱਤਾ ਤੇ ਕਿਸੇ ਨਾ ਕਿਸੇ ਦਿਨ ਉਸ ਦੇ ਆਉਣ ਦੀ ਉਡੀਕ ਕਰਨ ਲੱਗ ਪਈ।

...ਤੇ ਫਿਰ ਇੱਕ ਦਿਨ ਉਹ ਆ ਗਈ, ਪਤਾ ਲੱਗ ਕਿ ਉਦੋਂ ਉਹਦੇ ਭਰਾ ਦੇ ਐਕਸੀਡੈਂਟ ਦੀ ਖਬਰ ਆ ਗਈ ਸੀ ਅਤੇ ਉਹ ਖਬਰਾ ਕੇ ਜਲਦੀ ਜਲਦੀ ਆਪਣੇ ਪਿੰਡ ਚਲੇ ਗਏ ਸਨ। ਸਾਨੂੰ ਦੱਸਣ ਦਾ ਉਨ੍ਹਾਂ ਕੋਲ ਵਕਤ ਨਹੀਂ ਸੀ।

-ਪ੍ਰੀਤਮਾ ਦੋਮੇਲ।

# ਸੁਖਪਾਲ ਖਹਿਰਾ ਨੇ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਰੱਖੀ



ਜਲੰਧਰ, 1 ਜੂਨ (ਪੋਸਟ ਬਿਊਰੋ)- ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਪੁਲਸ ਦੇ ਡੀ ਜੀ ਪੀ, ਵੀ ਕੇ ਭਾਵਰਾ ਨੂੰ ਸੂਬੇ ਦੇ ਵਿਗੜ ਰਹੇ ਹਾਲਾਤਾਂ ਕਾਰਨ ਆਪਣੀ ਸੁਰੱਖਿਆ ਵਧਾਉਣ ਲਈ ਲਿਖਿਆ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਪਰਵਾਰ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਅਤੇ ਪੁਲਸ ਹੋਵੇਗੀ। ਉਨ੍ਹਾਂ ਕਿਹਾ ਕਿ ਕੁਝ ਹਫਤਿਆਂ ਵਿੱਚ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਨਾਜ਼ੁਕ ਬਣ ਚੁੱਕੀ ਹੈ, ਜਿਸ ਦੀ ਮਿਸਾਲ ਸਿੱਧੂ ਮੂਸੇਵਾਲਾ ਦਾ ਦਿਨ ਦਿਹਾੜੇ ਕਤਲ ਹੈ।

ਇਸ ਦੇ ਨਾਲ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜਦੋਂ ਉਹ ਵਿਰੋਧੀ ਧਿਰ ਦੇ ਨੇਤਾ ਸਨ ਤਾਂ ਉਹ ਪੰਜਾਬੀਆਂ ਦੇ ਹੱਕਾਂ ਦੀ ਗੱਲ ਜ਼ੋਰ ਨਾਲ ਚੁੱਕਦੇ ਰਹੇ ਹਨ, ਭਾਵੇਂ ਭੂ ਮਾਫੀਆ, ਡਰੱਗ ਮਾਫੀਆ, ਰੇਤ ਮਾਫੀਆ, ਕੇਬਲ ਮਾਫੀਆ, ਗੈਂਗਸਟਰਾਂ ਜਾਂ ਡੇਰਾਵਾਦ ਵਿਰੁੱਧ ਹੋਵੇ। ਉਨ੍ਹਾ ਨੇ ਡੀ ਜੀ ਪੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਇਸ ਤੋਂ ਬਿਨਾ ਜਦੋਂ ਉਨ੍ਹਾਂ ਨੇ ਨਿਰਦੋਸ਼ਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਖਿਲਾਫ ਆਵਾਜ਼ ਬੁਲੰਦ ਕੀਤੀ ਤਾਂ ਕੱਟੜਵਾਦੀ ਸੰਸਥਾਵਾਂ ਤੇ ਵਿਅਕਤੀਆਂ ਨੇ ਉਸ ਦੀ ਆਵਾਜ਼ ਦਬਾਉਣ ਲਈ ਧਮਕੀਆਂ ਦਿੱਤੀਆਂ ਸਨ। ਇਸ ਸਬੰਧੀ ਉਨ੍ਹਾਂ ਨੇ ਏ ਡੀ ਜੀ ਪੀ ਸਿਕਿਓਰਿਟੀ ਨੂੰ 11 ਜੁਲਾਈ 2020 ਅਤੇ ਡੀ ਜੀ ਪੀ ਦਫਤਰ ਨੂੰ 16 ਨਵੰਬਰ 2020 ਅਤੇ 28 ਜੂਨ 2021 ਨੂੰ ਪੱਤਰ ਲਿਖ ਕੇ ਦੱਸਿਆ ਸੀ। ਇਸ ਮੌਕੇ ਉਨ੍ਹਾਂ ਕਿਹਾ ਕਿ ਉਸ ਵੱਲੋਂ ਪੰਜਾਬ ਦੇ ਮਸਲਿਆਂ ਦੇ ਨਾਲ ਭੂ ਮਾਫੀਆ, ਰੇਤ ਮਾਫੀਆ, ਕੇਬਲ ਮਾਫੀਆ, ਡੇਰਾਵਾਦ ਤੇ ਬੇਰੁਜ਼ਗਾਰੀ ਖਿਲਾਫ ਜਮਹੂਰੀ ਲੜਾਈ ਜਾਰੀ ਹੈ।ਖਹਿਰਾ ਨੇ ਡੀ ਜੀ ਪੀ ਨੂੰ ਪੱਤਰ ਵਿੱਚ ਦੱਸਿਆ ਕਿ ਉਨ੍ਹਾਂ ਦੀ ਇੱਕ ਰਿਹਾਇਸ਼ ਪਿੰਡ ਰਾਮਗੜ੍ਹ ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ ਤੇ ਦੂਜੀ ਚੰਡੀਗੜ੍ਹ ਵਿੱਚ ਹੈ। ਉਹ ਮਹਿਸੂਸ ਕਰਦੇ ਹਨ ਕਿ ਉਸ ਨੂੰ ਮੌਜੂਦਾ ਸਮੇਂ ਜੋ ਸੁਰੱਖਿਆ ਮਿਲੀ ਹੈ, ਉਹ ਨਾਕਾਫੀ ਹੈ। ਇਸ ਲਈ ਉਨ੍ਹਾਂ ਡੀ ਜੀ ਪੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀਆਂ ਦੋਵੇਂ ਰਿਹਾਇਸ਼ਾਂ ਉੱਤੇ ਗਾਰਦ ਤੈਨਾਤ ਕੀਤੇ ਜਾਣ, ਇੱਕ ਸੁਰੱਖਿਆ ਵਾਹਨ ਦਿੱਤਾ ਜਾਵੇ ਅਤੇ ਲੋੜੀਂਦੇ ਸੁਰੱਖਿਆ ਮੁਲਾਜ਼ਮਾਂ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਕੇ ਤੈਨਾਤ ਕੀਤਾ ਜਾਵੇ।

# ਸੰਤ ਸੀਚੇਵਾਲ ਤੇ ਵਿਕਰਮਜੀਤ ਸਾਹਨੀ ਦਾ ਰਾਜ ਸਭਾ ਜਾਣਾ ਤੈਅ





ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ)- ਸੰਤ ਬਲਬੀਰ ਸਿੰਘ ਸੀਚੇਵਾਲ ਤੇ ਵਿਕਰਮਜੀਤ ਸਿੰਘ ਸਾਹਨੀ ਦਾ ਰਾਜ ਸਭਾ ਜਾਣਾ ਤੈਅ ਹੈ। ਕੱਲ੍ਹ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਆਖਰੀ ਦਿਨ ਸੰਤ ਸੀਚੇਵਾਲ ਅਤੇ ਵਿਕਰਮਜੀਤ ਸਾਹਨੀ ਨੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਹਾਜ਼ਰੀ ਵਿੱਚ ਵਿਧਾਨ ਸਭਾ ਦੇ ਸੈਕਟਰੀ-ਕਮ-ਰਿਟਰਨਿੰਗ ਅਧਿਕਾਰੀ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਆਖਰੀ ਦਿਨ ਸੰਤ ਸੀਚੇਵਾਲ ਤੇ ਸਾਹਨੀ ਤੋਂ ਇਲਾਵਾ ਕਿਸੇ ਹੋਰ ਉਮੀਦਵਾਰ ਨੇ ਕਾਗਜ਼ ਨਹੀਂ ਭਰੇ, ਇਸ ਤਰ੍ਹਾਂ ਇਨ੍ਹਾਂ ਦੋਵਾਂ ਉਮੀਦਵਾਰਾਂ ਦਾ ਨਿਰ-ਵਿਰੋਧ ਰਾਜ ਸਭਾ ਲਈ ਮੈਂਬਰ ਚੁਣੇ ਜਾਣ ਤੈਅ ਹੈ।

ਵਰਨਣ ਯੋਗ ਹੈ ਕਿ ਤਿੰਨ ਜੂਨ ਨੂੰ ਤਿੰਨ ਵਜੇ ਤਕ ਕਾਗਜ਼ ਵਾਪਸ ਲੈਣ ਦੀ ਪ੍ਰਕਿਰਿਆ ਖਤਮ ਹੋ ਜਾਣ ਦੇ ਬਾਅਦ ਰਿਟਰਨਿੰਗ ਅਫਸਰ ਵੱਲੋਂ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਵਿਕਰਮਜੀਤ ਸਿੰਘ ਸਾਹਨੀ ਨੂੰ ਜੇਤੂ ਐਲਾਨ ਕੇ ਸਰਟੀਫਿਕੇਟ ਦਿੱਤਾ ਜਾਵੇਗਾ। ਕਾਂਗਰਸ ਦੀ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਅਤੇ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਦੀ ਮੈਂਬਰੀ ਦੀ ਮਿਆਦ ਚਾਰ ਜੁਲਾਈ ਨੂੰ ਖਤਮ ਹੋ ਰਹੀ ਹੈ। ਇਸ ਪਿੱਛੋਂ ਨਵੇਂ ਚੁਣੇ ਦੋਵੇਂ ਮੈਂਬਰ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕਣਗੇ।ਪੰਜਾਬ ਤੋਂ ਰਾਜ ਸਭਾ ਦੀਆਂ ਸੱਤ ਸੀਟਾਂ ਹਨ। ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਰਾਜ ਸਭਾ ਵਿੱਚ ਸੱਤ ਦੇ ਸੱਤ ਮੈਂਬਰ ਤੀਜੀ ਧਿਰ ਦੇ ਚੁਣੇ ਗਏ ਹਨ।

# ਵਿਧਾਨ ਸਭਾ ਚੋਣਾਂ ਵਿੱਚ ਪੰਜਵੇਂ ਨੰਬਰ ਉੱਤੇ ਰਹੀ ਮਾਨ ਦੀ ਪਾਰਟੀ ਨੇ ਵਿਰੋਧੀਆਂ ਨੂੰ ਕੰਬਣੀ ਛੇੜੀ



ਸੰਗਰੂਰ, 1 ਜੂਨ (ਪੋਸਟ ਬਿਊਰੋ)- ਲੋਕ ਸਭਾ ਹਲਕਾ ਸੰਗਰੂਰ ਦੀ ਸੀਟ ਉੱਤੇ ਜ਼ਿਮਨੀ ਚੋਣ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਜ਼ੋਰ ਅਜ਼ਮਾਇਸ਼ ਕਰ ਰਹੀਆਂ ਹਨ ਤੇ ਮਜ਼ਬੂਤ ਤੇ ਪ੍ਰਭਾਵਸ਼ਾਲੀ ਉਮੀਦਵਾਰ ਲੱਭਣ ਲੱਗੀਆਂ ਹੋਈਆਂ ਹਨ। ਅਜਿਹੇ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਪਹਿਲ ਕੀਤੀ ਹੈ। ਸੰਗਰੂਰ ਤੋਂ ਅਕਾਲੀ ਦਲ ਅੰਮ੍ਰਿਤਸਰ ਨੇ ਲੋਕ ਸਭਾ ਸੀਟ ਦਾ ਉਮੀਦਵਾਰ ਸਿਮਰਜੀਤ ਸਿੰਘ ਮਾਨ ਨੂੰ ਐਲਾਨ ਕੀਤਾ ਹੈ, ਜਿਸ ਨਾਲ ਵਿਰੋਧੀ ਧਿਰਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਸਿਮਰਜੀਤ ਸਿੰਘ ਮਾਨ ਦੀ ਪਾਰਟੀ ਨੇ ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਨੂੰ ਤਿੱਖੀ ਟੱਕਰ ਦਿੱਤੀ ਹੈ। ਉਨ੍ਹਾਂ ਨੇ ਅਕਾਲੀ ਦਲ, ਲੋਕ ਇਨਸਾਫ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਇਨਸਾਫ ਪਾਰਟੀ ਨਾਲੋਂ ਮਜ਼ਬੂਤ ਪਾਰਟੀ ਹੋ ਕੇ ਇਸ ਲੋਕ ਸਭਾ ਹਲਕੇ ਵਿਚਲੇ ਵਿਧਾਨ ਸਭਾ ਹਲਕਿਆਂ 'ਚ ਚੋਣਾਂ ਦੌਰਾਨ 75531 ਵੋਟਾਂ ਲਈਆਂ ਅਤੇਇਸ ਕਾਰਨ ਪਾਰਟੀ ਪੰਜਵੇਂ ਨੰਬਰ ਉੱਤੇ ਰਹੀ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪਾਰਟੀ ਸੈਕਟਰੀ ਗੁਰਜੰਟ ਸਿੰਘ ਕੱਟੂ ਨੇ ਕਿਹਾ ਕਿ ਪਾਰਟੀ ਨੇ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਚੰਗਾ ਪ੍ਰਦਰਸ਼ਨ ਕੀਤਾ ਹੈ।

# ਵਿੱਕੀ ਮਿੱਡੂਖੇੜਾ ਦਾ ਭਰਾ ਵੀ ਸੁਰੱਖਿਆ ਲੈਣ ਲਈ ਹਾਈ ਕੋਰਟ ਪੁੱਜਾ



ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ)- ਵਿਕਰਮਜੀਤ ਸਿੰਘ ਮਿੱਡੂਖੇੜਾ ਦੇ ਭਰਾ ਅਜੈਪਾਲ ਸਿੰਘ ਨੇ ਹਾਈ ਕੋਰਟ ਪਹੁੰਚ ਕਰ ਕੇ ਬੰਬੀਹਾ ਗਰੁੱਪ ਦੇ ਮੈਂਬਰਾਂ ਤੋਂ ਜਾਨ ਦਾ ਖ਼ਤਰਾ ਦੱਸ ਕੇ ਸੁਰੱਖਿਆ ਦੀ ਮੰਗ ਕੀਤੀ ਹੈ। ਉਸ ਨੇ ਕਿਹਾ ਕਿ ਉਹ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਇਕੱਲਾ ਚਸ਼ਮਦੀਦ ਗਵਾਹ ਹੈ ਤੇ ਇਸ ਕੇਸਦਾ ਸ਼ਿਕਾਇਤਕਰਤਾ ਹੈ ਤੇ ਮਿੱਡੂਖੇੜਾ ਦੇ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗਰੁੱਪ ਦੇ ਮੈਂਬਰਾਂ ਨੇ ਸੋਸ਼ਲ ਮੀਡੀਆ ਉੱਤੇ ਪੋਸਟਾਂ ਰਾਹੀਂ ਲਈ ਸੀ।

ਅਜੈਪਾਲ ਨੇ ਹਾਈ ਕੋਰਟ ਵਿੱਚ ਦਾਖ਼ਲ ਪਟੀਸ਼ਨ ਵਿੱਚ ਦੋਸ਼ ਲਾਇਆ ਕਿ ਉਸ ਗਰੁੱਪ ਦੇ ਮੈਂਬਰ ਹੋਰ ਵੀ ਕਈ ਅਪਰਾਧਿਕ ਕੇਸਾਂ ਵਿੱਚ ਸ਼ਾਮਲ ਤੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ ਤੇ ਉਹ ਆਪਣੇ ਵਿਰੁੱਧ ਦਰਜ ਕੇਸਾਂ ਦੇ ਗਵਾਹਾਂ ਨੂੰ ਜਾਂ ਮਾਰ ਦਿੰਦੇ ਹਨ ਤੇ ਜਾਂ ਏਨਾ ਡਰਾ ਦਿੰਦੇ ਹਨ ਕਿ ਕੋਈ ਅਦਾਲਤ ਵਿੱਚ ਗਵਾਹੀ ਨਾ ਦੇ ਸਕੇ। ਅਜੈਪਾਲ ਨੇ ਕਿਹਾ ਹੈ ਕਿ ਇਸੇ ਕਾਰਨ ਉਸ ਨੂੰ ਖ਼ਤਰਾ ਹੈ ਕਿ ਬੰਬੀਹਾ ਗਰੁੱਪ ਦੇ ਮੈਂਬਰ ਉਸ ਨੂੰ ਮਾਰ ਸਕਦੇ ਹਨ ਤੇ ਇਸ ਲਈ ਐਸ ਐਸ ਪੀ ਮੁਹਾਲੀ ਕੋਲ ਸੁਰੱਖਿਆ ਲਈ ਪਹੁੰਚ ਕੀਤੀ ਸੀ ਤੇ ਮੁੱਖ ਮੰਤਰੀ ਨੂੰ ਵੀ ਮੰਗ ਪੱਤਰ ਦਿੱਤਾ ਸੀ ਪਰ ਸੁਰੱਖਿਆ ਨਹੀਂ ਮਿਲੀ, ਇਸ ਲਈ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੈ।ਹਾਈ ਕੋਰਟ ਨੇ ਐਸ ਐਸ ਪੀ ਮੁਹਾਲੀ ਨੂੰ ਅਰਜ਼ੀ ਦੀ ਘੋਖ ਕਰਨ ਅਤੇ ਅਜੈਪਾਲ ਦੀ ਸੁਰੱਖਿਆ ਦਾ ਮੁਲਾਂਕਣ ਕਰ ਕੇ ਸਥਿਤੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ।

# ਸਾਬਕਾ ਡਿਪਟੀ ਮੁੱਖ ਮੰਤਰੀ ਸੋਨੀ ਦੀ ਸੁਰੱਖਿਆ ਘਟਾਏ ਜਾਣ ਉੱਤੇ ਅਦਾਲਤ ਵੱਲੋਂ ਜਵਾਬ ਤਲਬੀ



ਅੰਮ੍ਰਿਤਸਰ, 1 ਜੂਨ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ਼ ਸਿਆਸਤਦਾਨਾਂ ਵੱਲੋਂ ਮੁੜ ਸੁਰੱਖਿਆ ਬਹਾਲ ਕੀਤੇ ਜਾਣ ਲਈ ਹਾਈ ਕੋਰਟ ਦਾ ਰੁਖ ਕੀਤਾ ਜਾ ਰਿਹਾ ਹੈ, ਜਿਨ੍ਹਾਂ ਆਪਣੇ ਸਰਗਰਮ ਸਿਆਸੀ ਪਿਛੋਕੜ ਦਾ ਹਵਾਲਾ ਦੇ ਕੇ ਰਾਜ ਵਿੱਚ ਵਿਗੜੀ ਅਮਨ-ਕਾਨੂੰਨ ਦੀ ਸਥਿਤੀ ਦਾ ਹਵਾਲਾ ਦਿੰਦਿਆਂ ਮੁੜ ਪੁਲਸ ਸੁਰੱਖਿਆ ਦੀ ਮੰਗ ਕੀਤੀ ਹੈ। ਅਜਿਹੀ ਇੱਕ ਪਟੀਸ਼ਨ ਅੰਮ੍ਰਿਤਸਰ ਨਾਲ ਸਬੰਧਤ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਪਾਈ ਹੈ, ਜਿਸ ਉੱਤੇ ਸਰਕਾਰ ਤੋਂ ਅਦਾਲਤ ਨੇ 2 ਜੂਨ ਤਕ ਰਿਪੋਰਟ ਮੰਗੀ ਹੈ। ਇਸ ਦੌਰਾਨ ਅਕਾਲੀ ਆਗੂ ਅਤੇ ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਵੱਲੋਂ ਪਾਈ ਪਟੀਸ਼ਨ ਨੂੰ ਜਾਇਜ਼ ਮੰਨਦਿਆਂ ਅਦਾਲਤ ਵੱਲੋਂ ਉਨ੍ਹਾਂ ਦੀ ਸੁਰੱਖਿਆ ਬਹਾਲ ਕਰ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ 424 ਸ਼ਖ਼ਸੀਅਤਾਂ ਦੀ ਸੁਰੱਖਿਆ ਘਟਾਈ ਜਾਂ ਹਟਾਈ ਸੀ, ਜਿਨ੍ਹਾਂ ਵਿੱਚ ਉਪ ਮੁੱਖ ਮੰਤਰੀ ਸੋਨੀ ਦੀ ਸੁਰੱਖਿਆ ਵਿੱਚ ਵੀ ਭਾਰੀ ਕਟੌਤੀ ਕੀਤੀ ਗਈ ਸੀ। ਸੋਨੀ ਦੀ ਪਟੀਸ਼ਨ ਉੱਤੇ ਅਦਾਲਤ ਨੇ ਸਰਕਾਰ ਤੋਂ ਇਹ ਪੁੱਛਿਆ ਹੈ ਕਿ ਉਨ੍ਹਾਂ ਕਿਸ ਆਧਾਰ ਉੱਤੇ ਸੁਰੱਖਿਆ ਘਟਾਏ ਜਾਣ ਦਾ ਗੁਪਤ ਦਸਤਾਵੇਜ਼ ਜਨਤਕ ਕੀਤਾ ਗਿਆ।




## ਡਰਾਈਵਰ 'ਤੇ ਰਿਵਾਲਵਰ ਤਾਣ ਕੇ ਕਾਰ ਲੁੱਟਣ ਵਾਲੇ 6 ਗ੍ਰਿਫਤਾਰ



ਜਲੰਧਰ, 1 ਜੂਨ (ਪੋਸਟ ਬਿਊਰੋ)- ਪਠਾਨਕੋਟ ਚੌਕ ਨੇੜੇ ਡਰਾਈਵਰ ਸ਼ਾਮ ਲਾਲ ਉਤੇ ਰਿਵਾਲਵਰ ਤਾਣ ਕੇ ਸਵਿਫਟ ਕਾਰ ਲੁੱਟਣ ਵਾਲੇ ਛੇ ਲੁਟੇਰੇ ਸੀ ਆਈ ਏ ਸਟਾਫ ਦੀ ਪੁਲਸ ਨੇ ਗ੍ਰਿਫਤਾਰ ਕੀਤੇ ਹਨ।

ਪੁਲਸ ਨਿਊ ਪ੍ਰੇਮ ਨਗਰ ਦੇ ਕਰਣ, ਗਾਂਧੀ ਕੈਂਪ ਦੇ ਸੌਰਭ, ਪ੍ਰੀਤਨਗਰ ਦੇ ਰਾਜਪਾਲ ਸਿੰਘ, ਵਾਲਮੀਕੀ ਗੇਟ ਦੇ ਅਤੁਲ, ਅਲੀ ਮੁਹੱਲਾ ਦੇ ਮੋਹਿਤ ਸਿੱਕਾ ਅਤੇ ਗੁਰੂ ਨਾਨਕਪੁਰਾ ਦੇ ਅਕਿੰਤ ਤੋਂ ਪੁੱਛਗਿੱਛ ਕਰ ਰਹੀ ਹੈ ਤੇ ਇਨ੍ਹਾਂ ਤੋਂ ਲੁੱਟ ਵਿੱਚ ਇਸਤੇਮਾਲ ਦੋਵਾਂ ਐਕਟਿਵਾ ਦੇ ਨਾਲ ਦਾਤਰ ਤੇ ਲੋਹੇ ਦੇ ਰਾਡ ਬਰਾਮਦ ਕੀਤੇ ਹਨ। ਪੁਲਸ ਕਮਿਸ਼ਨਰ ਨੇ ਕਿਹਾ, ਮੇਰੀ ਰਿਟਾਇਰਟਮੈਂਟ ਤੋਂ ਪਹਿਲਾਂ ਟੀਮ ਨੇ ਕੇਸ ਟ੍ਰੇਸ ਕਰ ਕੇ ਮੈਨੂੰ ਚੰਗਾ ਗਿਫਟ ਦਿੱਤਾ ਹੈ। ਟੀਮ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਜਾਏਗਾ। ਉਨ੍ਹਾ ਕਿਹਾ ਕਿ ਬਟਾਲੇ ਦੇ ਸ਼ਾਮ ਲਾਲ ਨੇ ਦੱਸਿਆ ਸੀ ਕਿ ਉਹ ਟੈਕਸੀ ਡਰਾਈਵਰ ਹੈ। ਸ਼ੁੱਕਰਵਾਰ ਰਾਤ ਆਪਣੇ ਦੋਸਤ ਰਾਕੇਸ਼ ਦੀ ਫੈਮਿਲੀ ਨੂੰ ਰੇਲਵੇ ਸਟੇਸ਼ਨ ਛੱਡਣ ਆਇਆ ਸੀ। ਉਸ ਦੇ ਬਾਅਦ ਉਨ੍ਹਾਂ ਦੀ ਗੱਡੀ ਲੁੱਟੀ ਗਈ। ਪੁਲਸ ਟੀਮ ਨੇ ਤਿੰਨ ਦਿਨ ਦੀ ਲਗਾਤਾਰ ਮਿਹਨਤ ਦੇ ਬਾਅਦ ਸੀ ਸੀ ਟੀ ਵੀ ਕੈਮਰੇ ਤੋਂ ਮਿਲੇ ਸਬੂਤ ਉੱਤੇ ਕੰਮ ਕਰਦੇ ਹੋਏ ਲੁਟੇਰੇ ਟ੍ਰੇਸ ਕਰ ਕੇ ਉਨ੍ਹਾਂ ਫੜ ਲਿਆ।

# ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿੱਚ ਅਦਾਲਤ ਦਾ ਫ਼ੈਸਲਾ ਰਾਖਵਾਂ



ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀਕਾਂਡ ਦੀ ਨਵੇਂ ਸਿਰੇ ਤੋਂ ਜਾਂਚ ਦੀ ਮੰਗ ਕਰਦੀ ਪਟੀਸ਼ਨ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਬਹਿਸ ਮੁਕੰਮਲ ਹੋ ਗਈ ਹੈ ਅਤੇ ਜਸਟਿਸ ਰਾਜਮੋਹਨ ਸਿੰਘ ਦੀ ਬੈਂਚ ਨੇ ਇਸ ਮਾਮਲੇ ਵਿੱਚ ਫ਼ੈਸਲਾ ਰਾਖਵਾਂ ਰੱਖ ਲਿਆ ਹੈ।ਓਦੋਂ ਦੇ ਐਸ ਐਚ ਓ ਗੁਰਦੀਪ ਸਿੰਘ, ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸੋਹੇਲ ਬਰਾੜ ਵੱਲੋਂ ਦਲੀਲਾਂ ਰੱਖੀਆਂ ਜਾ ਚੁੱਕੀਆਂ ਹਨ ਤੇ ਇਸ ਕੇਸ ਵਿੱਚ ਸਰਕਾਰ ਅਤੇ ਸਾਬਕਾ ਆਈ ਜੀ ਕੁੰਵਰ ਵਿਜੈ ਪ੍ਰਤਾਪ ਵੱਲੋਂ ਵੀ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ।

ਇਸ ਦੌਰਾਨ ਹਾਈ ਕੋਰਟ ਦਾ ਧਿਆਨ ਦਿਵਾਇਆ ਗਿਆ ਕਿ ਆਈ ਜੀ ਕੁੰਵਰ ਵਿਜੈ ਪ੍ਰਤਾਪ ਵੱਲੋਂ ਕੀਤੀ ਗਈ ਕੋਟਕਪੂਰਾ ਗੋਲੀਕਾਂਡ ਦੀ ਜਾਂਚ ਨੂੰ ਹਾਈ ਕੋਰਟ ਦੀ ਦੂਜੀ ਬੈਂਚ ਵੱਲੋਂ ਰੱਦ ਕਰ ਕੇ ਨਵੀਂ ਐੱਸ ਆਈ ਟੀ ਬਣਾਉਣ ਦਾ ਹੁਕਮ ਦਿੱਤਾ ਗਿਆ ਸੀ ਤੇ ਬਾਅਦ ਵਿੱਚ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਵੱਖ-ਵੱਖ ਜਾਂਚ ਲਈ ਨਵੀਂਆਂ ਵਿਸ਼ੇਸ਼ ਜਾਂਚ ਟੀਮਾਂ ਬਣਾਈਆਂ ਗਈਆਂ। ਇਹ ਵੀ ਦੱਸਿਆ ਗਿਆ ਕਿ ਕੋਟਕਪੂਰਾ ਗੋਲੀ ਕਾਂਡ ਵਿੱਚ ਨਵੇਂ ਸਿਰਿਉਂ ਜਾਂਚ ਸ਼ੁਰੂ ਹੋਈ ਹੈ, ਜਦੋਂ ਕਿ ਬਹਿਬਲ ਕਲਾਂ ਗੋਲੀਕਾਂਡ ਦੀ ਅਗਲੀ ਜਾਂਚ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਓਦੋਂ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੇ ਵਕੀਲ ਨੇ ਕਿਹਾ ਕਿ ਉਮਰਾਨੰਗਲ ਬਹਿਬਲ ਕਲਾਂ ਗੋਲੀਕਾਂਡ ਵੇਲੇ ਉਥੇ ਨਹੀਂ ਸੀ ਤੇ ਨਾ ਪਹਿਲਾਂ ਦਰਜ ਸ਼ਿਕਾਇਤ ਵਿੱਚ ਉਸ ਦਾ ਨਾਮ ਸੀ ਅਤੇ ਨਾ ਪਹਿਲੀਆਂ ਜਾਂਚਾਂ ਵਿੱਚ ਉਸ ਦਾ ਨਾਮ ਆਇਆ ਸੀ। ਉਨ੍ਹਾਂ ਕਿਹਾ ਕਿ ਉਮਰਾਨੰਗਲ ਨੂੰ ਰਾਜਸੀ ਰੰਜਸ਼ ਕਾਰਨ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ।

# ਗੁਆਂਢੀ ਦਾ ਕਤਲ ਕਰ ਕੇ ਲਾਸ਼ ਗਟਰ ਵਿੱਚ ਸੁੱਟੀ

ਦਸੂਹਾ, 1 ਜੂਨ (ਪੋਸਟ ਬਿਊਰੋ)- ਨੇੜਲੇ ਪਿੰਡ ਕੁਲਾਰਾਂ ਦੇ ਇੱਕ ਵਿਅਕਤੀ ਨੇ ਕਿਸੇ ਦਾ ਕਤਲ ਕਰ ਕੇ ਉਸ ਦੀ ਲਾਸ਼ ਨੂੰ ਆਪਣੇ ਘਰ ਵਿੱਚ ਬਣਾਏ ਹੋਏ ਗਟਰ ਵਿੱਚ ਸੁੱਟ ਦਿੱਤਾ।

ਮ੍ਰਿਤਕ ਦੇ ਭਰਾ ਸਤਨਾਮ ਸਿੰਘ ਪੁੱਤਰ ਕਰਨੈਲ ਸਿੰਘ ਨੇ ਦਸਿਆ ਕਿ ਉਸ ਦੇ ਭਰਾ ਓਮ ਪ੍ਰਕਾਸ਼,ਜਿਸ ਦਾ 10 ਸਾਲ ਪਹਿਲਾਂ ਮਨਦੀਪ ਕੌਰ ਨਾਲ ਵਿਆਹ ਹੋਇਆ ਸੀ, ਦਾ ਆਪਣੀ ਪਤਨੀ ਨਾਲ ਤਲਾਕ ਹੋ ਗਿਆ ਹੈ, ਉਸ ਦੀ ਪਤਨੀ ਮਨਦੀਪ ਕੌਰ ਆਪਣੀਆਂ ਲੜਕੀਆਂ ਨਾਲ ਪੇਕੇ ਪਿੰਡ ਰਹਿੰਦੀ ਹੈ। ਓਮ ਪ੍ਰਕਾਸ਼ ਸਾਡੇ ਨਾਲ ਘਰ ਵਿੱਚ ਰਹਿੰਦਾ ਸੀ। 26 ਮਈ ਨੂੰ ਗੁਆਂਢੀ ਸੁਰਜੀਤ ਸਿੰਘ ਉਰਫ਼ ਸੀਤਾ ਸਾਡੇ ਘਰ ਆਇਆ ਤੇ ਓਮ ਪ੍ਰਕਾਸ਼ ਨੂੰ ਆਪਣੇ ਨਾਲ ਦਸੂਹਾ ਕੰਮ ਉੱਤੇ ਲੈ ਗਿਆ। ਫਿਰ ਓਮ ਪ੍ਰਕਾਸ਼ ਘਰ ਨਹੀਂ ਆਇਆ, ਪਰ ਸੁਰਜੀਤ ਸਿੰਘ ਆ ਗਿਆ। ਉਸ ਨੂੰ ਮੇਰੀ ਮਾਤਾ ਸੰਤੋਸ਼ ਕੁਮਾਰੀ ਨੇ ਓਮ ਪ੍ਰਕਾਸ਼ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਮਿਸਤਰੀ ਨਾਲ ਉਸ ਦੇ ਘਰ ਚਲਾ ਗਿਆ ਹੈ। ਦੂਸਰੇ ਦਿਨ ਵੀ ਓਮ ਪ੍ਰਕਾਸ਼ ਘਰ ਨਹੀਂ ਆਇਆ ਤਾਂ ਅਸੀਂ ਓਮ ਪ੍ਰਕਾਸ਼ ਦੀ ਭਾਲ ਸ਼ੁਰੂ ਕੀਤੀ ਪਰ ਉਹ ਕਿਧਰੇ ਨਹੀਂ ਮਿ-ਲਿਆ।

ਸੁਰਜੀਤ ਵੀ ਦੋ ਦਿਨ ਬਾਅਦ ਆਪਣੇ ਘਰੋਂ ਫ਼ਰਾਰ ਹੋ ਗਿਆ। ਗੁਆਂਢ ਵਿੱਚ ਰਹਿ ਰਹੇ ਵਿਅਕਤੀਆਂ ਨੇ ਪਿੰਡ ਦੇ ਸਰਪੰਚ ਨੂੰ ਦੱਸਿਆ ਕਿ ਸੁਰਜੀਤ ਫ਼ਰਾਰ ਹੈ ਪਰ ਇਸ ਦੇ ਘਰ ਵਿੱਚ ਬਣੇ ਗਟਰ ਤੋਂ ਬਹੁਤ ਭੈੜੀ ਬਦਬੂ ਆ ਰਹੀ ਹੈ। ਜਦੋਂ ਸੁਰਜੀਤ ਦੇ ਘਰ ਵਿੱਚ ਬਣਿਆ ਗਟਰ ਦਾ ਢੱਕਣ ਸਰਪੰਚ ਪਰਮਜੀਤ ਸਿੰਘ ਦੀ ਹਾਜਰੀ ਵਿੱਚ ਚੁੱਕ ਕੇ ਦੇਖਿਆ ਤਾਂ ਗਟਰ ਵਿੱਚ ਮੂਧੇ ਮੂੰਹ ਲਾਸ਼ ਪਈ ਸੀ। ਉਸ ਵਕਤ ਮੁਹੱਲਾ ਨਿਵਾਸੀ ਦੀ ਮਦਦ ਨਾਲ ਗਟਰ ਨੂੰ ਪੁੱਟਿਆ ਤਾਂ ਜਦੋਂ ਲਾਸ਼ ਕੱਢ ਕੇ ਬਾਹਰ ਰੱਖੀ ਤਾਂ ਪਤਾ ਲੱਗਾ ਕਿ ਇਹ ਲਾਸ਼ ਓਮ ਪ੍ਰਕਾਸ਼ ਦੀ ਹੈ।

## ਗਰਲ ਫਰੈਂਡ ਦਾ ਕਤਲ ਕਰਨ ਪਿੱਛੋਂ ਨੌਜਵਾਨ ਨੇ ਫਾਹਾ ਲੈ ਲਿਆ

ਜ਼ੀਰਕਪੁਰ, 1 ਜੂਨ (ਪੋਸਟ ਬਿਊਰੋ)- ਅੰਬਾਲਾ-ਚੰਡੀਗੜ੍ਹ ਰੋਡ ਉੱਤੇ ਰਿਸ਼ੀ ਅਪਾਰਟਮੈਂਟ ਸੁਸਾਇਟੀ ਵਿੱਚ ਕੱਲ੍ਹ ਦੇਰ ਸ਼ਾਮ ਇੱਕ ਨੌਜਵਾਨ ਨੇ ਸ਼ੱਕੀ ਹਾਲਤ ਵਿੱਚ ਆਪਣੀ ਦੋਸਤ ਲੜਕੀ ਦਾ ਕਤਲ ਕਰਨ ਪਿੱਛੋਂ ਫਾਹਾ ਲੈ ਲਿਆ। ਜ਼ੀਰਕਪੁਰ ਦੇ ਥਾਣਾ ਮੁਖੀ ਨੇ ਦੱਸਿਆ ਕਿ ਮੋਨਿਕਾ ਰਾਠੀ (27) ਵਾਸੀ ਸੈਕਟਰ 27 ਚੰਡੀਗੜ੍ਹ ਅਤੇ ਆਦਿਤਿਆ (28) ਵਾਸੀ ਸ਼ਾਮਲੀ (ਯੂ ਪੀ) ਜ਼ੀਰਕਪੁਰ ਵਿਖੇ ਰਿਸ਼ੀ ਅਪਾਰਟਮੈਂਟ ਦੇ ਫਲੈਟ ਨੰਬਰ ਈ-104 ਵਿੱਚ ਕਰੀਬ ਤਿੰਨ ਮਹੀਨੇ ਤੋਂ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੇ ਸਨ। ਮੋਨਿਕਾ ਕਿਸੇ ਕੰਪਨੀ ਵਿੱਚ ਨੌਕਰੀ ਕਰਦੀ ਸੀ, ਅਦਿਤਿਆ ਦਾ ਟਰਾਂਸਪੋਰਟ ਦਾ ਕੰਮ ਦੱਸਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜਕੱਲ੍ਹ ਮੋਨਿਕਾ ਤੇ ਅਦਿਤਿਆ ਦੀ ਬੋਲਚਾਲ ਨਹੀਂ ਸੀ ਜਿਸ ਕਾਰਨ ਅਦਿਤਿਆ ਇਸ ਫਲੈਟ ਵਿੱਚ ਆਪਣੇ ਦੋਸਤਾਂ ਨਾਲ ਰਹਿ ਰਿਹਾ ਸੀ। ਪੁਲਸ ਮੁਤਾਬਕ ਅਦਿਤਿਆ ਨੇ ਕੱਲ੍ਹ ਮੋਨਿਕਾ ਨੂੰ ਆਖਰੀ ਵਾਰ ਮਿਲਣ ਲਈ ਜ਼ੀਰਕਪੁਰ ਬੁਲਾਇਆ ਅਤੇ ਦੇਸੀ ਕੱਟੇ ਨਾਲ ਮੋਨਿਕਾ ਉੱਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਗੋਲੀ ਨਾ ਚੱਲਣ ਕਾਰਨ ਉਸ ਨੇ ਮੋਨਿਕਾ ਦੇ ਸਿਰ ਵਿੱਚ ਦੇਸੀ ਕੱਟੇ ਦੇ ਬੱਟ ਮਾਰ-ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਇਸ ਪਿੱਛੋਂ ਉਸ ਨੇ ਫਲੈਟ ਵਿੱਚ ਲੱਗੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

# ਸੁਪਰੀਮ ਕੋਰਟ ਨੇ ਆਖਿਆ, ਸਸਤੀ ਪੜ੍ਹਾਈ ਲਈ ਯੂਕਰੇਨ ਜਾਂਦੇ ਨੇ ਭਾਰਤੀ ਵਿਦਿਆਰਥੀ

### * ਭਾਰਤ ਵਿੱਚ ਵਿਦਿਆ ਨੂੰ ਬਿਜ਼ਨਸ ਬਣ ਗਈ ਦੱਸਿਆ




ਨਵੀਂ ਦਿੱਲੀ, 1 ਜੂਨ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਭਾਰਤ ਵਿੱਚ ਵਿਦਿਆ ਅਸਲ ਵਿੱਚ ਬਿਜ਼ਨਿਸ ਬਣ ਗਈ ਹੈ ਅਤੇ ਵਿਦਿਆਰਥੀ ਸਸਤੀ ਵਿਦਿਆ ਲਈ ਯੂਕਰੇਨ ਜਾਂਦੇ ਹਨ।

ਵਰਣਨ ਯੋਗ ਹੈ ਕਿ ਇੱਕ ਪਾਸੇ ਗੁਣਵੱਤਾ ਰਹਿਤ ਫਾਰਮੇਸੀ ਕਾਲਜਾਂ ਤਾਬੜਤੋੜ ਬਣੀ ਜਾਂਦੇ ਹਨਅਤੇ ਦੂਸਰੇ ਪਾਸੇ ਵਿਦਿਆਰਥੀਆਂ ਲਈ ਉਚਿਤ ਮੁੱਲ ਉੱਤੇ ਮੈਡੀਕਲ ਦੀ ਪੜ੍ਹਾਈ ਦੇ ਸੰਤੁਲਨ ਦੀ ਚਿੰਤਾ ਹਰ ਕਿਸੇ ਨੂੰ ਹੋਣ ਲੱਗੀ ਹੈ। ਇਹ ਚਿੰਤਾ ਆਮ ਲੋਕਾਂ ਵਿੱਚ ਤਾਂ ਹੈ ਹੀ, ਕੱਲ੍ਹ ਸੁਪਰੀਮ ਕੋਰਟ ਵਿੱਚ ਵੀ ਨਜ਼ਰ ਆਈ ਤੇ ਕੋਰਟ ਦੇ ਨਵੇਂ ਫਾਰਮੇਸੀ ਕਾਲਜ ਖੋਲ੍ਹਣ ਉੱਤੇ ਰੋਕ ਦੇ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ 'ਅੱਜਕੱਲ੍ਹ ਸਿੱਖਿਆ ਬਿਜ਼ਨਸ ਬਣ ਗਈ ਹੈ ਤੇ ਵੱਡੇ ਕਾਰੋਬਾਰੀ ਘਰਾਣੇ ਇਸ ਵਿੱਚ ਸ਼ਾਮਲ ਹਨ, ਦੂਸਰਾ ਪਹਿਲੂ ਇਹ ਹੈ ਕਿ ਇੱਥੇ ਮੈਡੀਕਲ ਦੀ ਪੜ੍ਹਾਈ ਮਹਿੰਗੀ ਹੋਣ ਕਰ ਕੇ ਭਾਰਤੀ ਵਿਦਿਆਰਥੀ ਯੂਕਰੇਨ ਪੜ੍ਹਨ ਜਾਂਦੇ ਹਨ।' ਇਸ ਦੇ ਨਾਲ ਹੀ ਕੋਰਟ ਨੇ ਅੰਤ੍ਰਿਮ ਹੁਕਮ ਦਿੰਦੇ ਹੋਏ ਫਾਰਮੇਸੀ ਕੌਂਸਲ ਆਫ ਇੰਡੀਆ (ਪੀ ਸੀ ਆਈ) ਨੂੰ ਨਿਰਦੇਸ਼ ਦਿੱਤਾ ਕਿ ਉਹ ਉਨ੍ਹਾਂ ਨਵੇਂ ਫਾਰਮੇਸੀ ਕਾਲਜਾਂ ਦੀਆਂ ਅਰਜ਼ੀਆਂ ਨੂੰ ਸਵੀਕਾਰ ਕਰ ਕੇ ਪ੍ਰੋਸੈਸ ਕਰੇ, ਜਿਨ੍ਹਾਂ ਨੇ ਪੀ ਸੀ ਆਈ ਵੱਲੋਂ ਲੱਗੀ ਪਾਬੰਦੀ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਪ੍ਰੰਤੂ ਉਨ੍ਹਾਂ ਨੂੰ ਮਨਜ਼ੂਰ ਕਰਨ ਜਾਂ ਰੱਦ ਕਰਨ ਉੱਤੇ ਅੰਤਿਮ ਫੈਸਲਾ ਹਾਲੇ ਨਹੀਂ ਲਿਆ ਜਾਏਗਾ।

ਜਸਟਿਸ ਬੀ ਆਰ ਗਵਈ ਅਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਦਿੱਲੀ ਅਤੇ ਕਰਨਾਟਕ ਹਾਈ ਕੋਰਟ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਵਾਲੀ ਪੀ ਸੀ ਆਈ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਉਪਰੋਕਤ ਟਿੱਪਣੀ ਕੀਤੀ। ਕੋਰਟ ਨੇ ਨਵੀਆਂ ਪਟੀਸ਼ਨਾਂ ਉੱਤੇ ਨੋਟਿਸ ਜਾਰੀ ਕਰਦੇ ਹੋਏ ਸੰਬੰਧਤ ਧਿਰਾਂ ਨੂੰ ਜਵਾਬ ਦੇਣ ਦੀ ਪ੍ਰਕਿਰਿਆ 22 ਜੁਲਾਈ ਤਕ ਪੂਰੀ ਕਰਨ ਨੂੰ ਕਿਹਾ ਅਤੇ ਕੇਸ 26 ਜੁਲਾਈ ਨੂੰ ਸੁਣਵਾਈ ਉੱਤੇ ਲਾਉਣ ਦਾ ਹੁਕਮ ਦਿੱਤਾ। ਪੀ ਸੀ ਆਈ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਨਾਲ ਪੀ ਸੀ ਆਈ ਵੱਲੋਂ ਨਵੇਂ ਫਾਰਮੇਸੀ ਕਾਲਜ ਖੋਲ੍ਹਣ ਉੱਤੇਹਾਈ ਕੋਰਟ ਦੇ ਲਾਈ ਪੰਜ ਸਾਲ ਦੀ ਰੋਕ ਵਾਲੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਹ ਰੋਕ 2020-21 ਦੇ ਸੈਸ਼ਨ ਤੋਂ ਲਾਗੂ ਸੀ।ਸੁਪਰੀਮ ਕੋਰਟ ਵਿੱਚ ਪੀ ਸੀ ਆਈ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਫਾਰਮੇਸੀ ਕਾਲਜਾਂ ਦੀ ਤੇਜ਼ੀ ਨਾਲ ਵਧਦੀ ਗਿਣਤੀ ਦੇਖ ਕੇ ਰੋਕ ਲਾਈ ਸੀ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੇ ਪਰਦੇ ਹੇਠ ਇਹ ਬਿਜ਼ਨਸ ਹੈ। ਕਾਲਜਾਂ ਵੱਲੋਂ ਪੇਸ਼ ਵਕੀਲਾਂ ਨੇ ਕਿਹਾ ਕਿ ਰੋਕ ਨਾਲ ਉਨ੍ਹਾਂ ਦੇ ਤਿੰਨ ਸਾਲ ਬਰਬਾਦ ਹੋ ਗਏ ਹਨ। ਸਰਕਾਰੀ ਵਕੀਲ ਨੇ ਇਸ ਦੇ ਵਿਰੋਧ ਵਿੱਚ ਕਿਹਾ ਕਿ ਸਿੱਖਿਆ ਵਪਾਰ ਨਹੀਂ ਹੈ, ਜੇ ਵਿਦਿਆਰਥੀ ਕਹਿੰਦੇ ਹਨ ਕਿ ਉਹ ਪੜ੍ਹਨਾ ਚਾਹੁੰਦੇ ਹਨ ਤਾਂ ਗੱਲ ਸਮਝ ਪੈਂਦੀ ਹੈ, ਪਰ ਇੱਥੇ ਤਾਂ ਕਾਲਜ ਹੀ ਸ਼ਿਕਾਇਤ ਕਰ ਰਹੇ ਹਨ ਕਿ ਤਿੰਨ ਸਾਲ ਬਰਬਾਦ ਹੋ ਗਏ।

## ਕੋਰਟ ਨੇ ਸੁਰੱਖਿਆ ਦੇਣ ਤੋਂ ਇਨਕਾਰ ਕੀਤਾ ਤਾਂ ਵੀ ਸਰਕਾਰ ਵਿਰੁੱਧ ਆਜ਼ਾਦੀ ਮਾਰਚ ਨਿਕਲੇਗਾ



ਇਸਲਾਮਾਬਾਦ, 1 ਜੂਨ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਦੇ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਸੁਰੱਖਿਆ ਦੇਣ ਤੋਂ ਇਨਕਾਰ ਕਰਦੀ ਹੈ ਤਾਂ ਵੀ ਸਰਕਾਰ ਵਿਰੁੱਧੀ ਆਜ਼ਾਦੀ ਮਾਰਚ ਹਰ ਹਾਲਤ ਕੱਢਿਆ ਜਾਵੇਗਾ। ਆਪਣੀ ਅਗਲੀ ਰੈਲੀ ਲਈ ਉਹ ਨਵੀਂ ਰਣਨੀਤੀ ਬਣਾਉਣਗੇ ਅਤੇ ਸਰਕਾਰ ਦੇ ਰੈਲੀ ਰੋਕਣ ਦੇ ਕਿਸੇ ਵੀ ਯਤਨ ਨਾਲ ਨਿਪਟਣ ਲਈ ਤਿਆਰ ਰਹੇਗਾ।

ਇਮਰਾਨ ਖਾਨ ਨੇ ਪੇਸ਼ਾਵਰ ਵਿੱਚ ਵਕੀਲਾਂ ਦੇ ਸੰਮੇਲਨ ਵਿੱਚ ਕਿਹਾ ਕਿ ਸ਼ਾਂਤਮਈ ਸਭਾ, ਰੈਲੀ ਤੇ ਵਿਰੋਧ ਕਰਨਾ ਦੇਸ਼ ਦੇ ਹਰ ਨਾਗਰਿਕ ਅਤੇ ਪਾਰਟੀ ਦਾ ਮੌਲਿਕ ਅਧਿਕਾਰ ਹੈ। ਉਨ੍ਹਾਂ ਨੇ ਕਿਹਾ ਕਿ ਆਪਣੇ ਪਿਛਲੇ ਮਾਰਚ ਵਿੱਚ ਅਸੀਂ ਸ਼ਾਂਤੀਪੂਰਨ ਰਹੇ, ਪਰ ਇਸ ਸਰਕਾਰ ਨੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਉੱਤੇ ਖੁਲੇਆਮ ਅਤਿਆਚਾਰ, ਕੁੱਟਮਾਰ ਅਤੇ ਅਥਰੂ ਗੈਸ ਇਸਤੇਮਾਲ ਕੀਤੀ।ਉਨ੍ਹਾਂ ਕਿਹਾ ਕਿ ਮੈਂ ਸੁਪਰੀਮ ਕੋਰਟ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਨੂੰ ਪਾਕਿਸਤਾਨ ਦੇ ਨਾਗਰਿਕਾਂ ਵਜੋਂ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਦੀ ਪ੍ਰਵਾਨਗੀ ਹੈ ਜਾਂ ਨਹੀਂ? ਜੇ ਸੁਪਰੀਮ ਕੋਰਟ ਅਗਲੇ ਮਾਰਚ ਦੇ ਲਈ ਮੇਰੀ ਪਾਰਟੀ ਨੂੰ ਸੁਰੱਖਿਆ ਪ੍ਰਦਾਨ ਨਹੀਂ ਕਰਵੇਗੀ ਤਾਂ ਅਸੀਂ ਇਸ ਨਾਲ ਨਿਪਟਣ ਦੇ ਲਈ ਯੋਜਨਾ ਬਣਾਵਾਂਗੇ।

# ਭਾਰਤ ਨੇ 40 ਹਜ਼ਾਰ ਟਨ ਡੀਜ਼ਲ ਦੀ ਇੱਕ ਹੋਰ ਖੇਪ ਸ੍ਰੀਲੰਕਾ ਭੇਜੀ



ਕੋਲੰਬੋ, 1 ਜੂਨ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਦੱਸਿਆ ਹੈ ਕਿ ਉਸ ਨੇ 40 ਹਜ਼ਾਰ ਟਨ ਡੀਜ਼ਲ ਦੀ ਇੱਕ ਹੋਰ ਖੇਪ ਸ੍ਰੀਲੰਕਾ ਨੂੰ ਭੇਜੀ ਹੈ। ਗੁਆਂਢੀ ਦੇਸ਼ ਸ੍ਰੀਲੰਕਾ ਬੇਹੱਦ ਮੁਸ਼ਕਲ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ ਅਤੇ ਉਥੇ ਲੋਕਾਂ ਨੂੰ ਫਿਊਲ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਮਹੀਨੇ ਭਾਰਤ ਨੇ ਸ੍ਰੀਲੰਕਾ ਨੂੰ ਫਿਊਲ ਇੰਪੋਰਟ ਕਰਨ ਲਈ ਵਾਧੂ 50 ਕਰੋੜ ਡਾਲਰ ਦੀ ਕਰਜ਼ਾ ਸਹੂਲਤ ਦਾ ਐਲਾਨ ਕੀਤਾ ਸੀ। ਇਸ ਰਕਮ ਨਾਲ ਸ੍ਰੀਲੰਕਾ ਨੂੰ ਫਿਊਲ ਸਪਲਾਈ ਲਈ ਕੀਤਾ ਜਾਣਾ ਹੈ। ਸ੍ਰੀਲੰਕਾ ਜ਼ਰੂਰੀ ਵਸਤਾਂ ਦੀ ਇੰਪੋਰਟ ਦੇ ਭੁਗਤਾਨ ਲਈ ਸੰਘਰਸ਼ ਕਰ ਰਿਹਾ ਹੈ ਕਿਉਂਕਿ ਉਸਦਾ ਵਿਦੇਸ਼ੀ ਕਰੰਸੀ ਭੰਡਾਰ ਬੇਹੱਦ ਘੱਟ ਗਿਆ ਅਤੇ ਮਹਿੰਗਾਈ ਬਹੁਤ ਵਧ ਗਈ ਹੈ। ਭਾਰਤ ਨੇ ਬੀਤੀ 23 ਮਈ ਨੂੰ ਸ੍ਰੀਲੰਕਾ ਨੂੰ ਕਰੀਬ 40 ਹਜ਼ਾਰ ਟਨ ਪੈਟਰੋਲ ਭੇਜਿਆ ਸੀ।

ਇਸ ਮੌਕੇ ਭਾਰਤੀ ਹਾਈ ਕਮਿਸ਼ਨ ਨੇ ਟਵਿਟਰ ਉੱਤੇ ਇੱਕ ਸੰਦੇਸ਼ ਵਿੱਚ ਕਿਹਾ ਕਿ ਭਾਰਤ ਵੱਲੋਂ ਮਦਦ ਲਈ 40 ਹਜ਼ਾਰ ਟਨ ਡੀਜ਼ਲ ਦੀ ਖੇਪ ਕੱਲ੍ਹ ਸ਼ਾਮ ਕੋਲੰਬੋ ਪਹੁੰਚੀ। ਗੁਆਂਢੀ ਦੇਸ਼ ਨੂੰ ਪੈਟਰੋਲੀਅਮ ਉਤਪਾਦਾਂ ਦੀ ਖਰੀਦ ਲਈ 50 ਕਰੋੜ ਡਾਲਰ ਦੀ ਕਰਜ਼ਾ ਸਹੂਲਤ ਦੇਣ ਵਾਸਤੇ ਫਰਵਰੀ 2022 ਨੂੰ ਭਾਰਤ ਨੇ ਇੱਕ ਸਮਝੌਤੇ ਉੱਤੇਦਸਤਖਤ ਕੀਤੇ ਸਨ। ਭਾਰਤ ਦੇ ਸਹਿਯੋਗ ਨਾਲ ਮਾਰਚ ਅਤੇ ਅਪ੍ਰੈਲ ਵਿੱਚ ਸ੍ਰੀਲੰਕਾ ਨੂੰ ਵੱਖ-ਵੱਖ ਕਿਸਮਾਂ ਦੇ ਲਗਭਗ 400,000 ਟਨ ਈਂਧਨ ਦੀ ਸਪਲਾਈ ਕੀਤੀ ਗਈ ਹੈ।

# ਸਾਲ 2020 ਤੋਂ ਪਹਿਲਾਂ ਦੀ ਸਥਿਤੀ ਲਈ ਚੀਨ ਤਿਆਰ ਨਹੀਂ

### * ਭਾਰਤ-ਚੀਨ ਵਿਦੇਸ਼ ਮੰਤਰਾਲਿਆਂ ਵਿਚਾਲੇ ਗੱਲਬਾਤ ਖਤਮ



ਨਵੀਂ ਦਿੱਲੀ, 1 ਜੂਨ (ਪੋਸਟ ਬਿਊਰੋ)- ਚੀਨ ਬੇਸ਼ੱਕ ਭਾਰਤ ਨਾਲ ਲਗਾਤਾਰ ਗੱਲਬਾਤ ਕਰ ਰਿਹਾ ਹੈ, ਪਰ ਕਈ ਦੌਰਾਂ ਦੀ ਗੱਲਬਾਤ ਦੇ ਬਾਵਜੂਦ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ ਏ ਸੀ) ਉੱਤੇ ਮਈ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਕਰਨ ਨੂੰ ਤਿਆਰ ਨਹੀਂ ਹੈ। ਪਰਸੋਂ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰਾਲਿਆਂ ਵਿੱਚ ਸਰਹੱਦੀ ਰੇੜਕੇ ਨੂੰ ਸੁਲਝਾਉਣ ਦੀ ਪੱਕੀ ਵਿਵਸਥਾ (ਡਬਲਯੂ ਐਮ ਸੀ ਸੀ-ਵਰਕਿੰਗ ਮੈਕੇਨਿਜ਼ਮ ਫਾਰ ਕੰਸਲਟੇਸ਼ਨ ਐਂਡ ਕੋਆਰਡੀਨੇਸ਼ਨ ਆਨ ਇੰਡੀਆ-ਚਾਈਨਾ ਬਾਰਡਰ ਅਫੇਅਰਸ) ਦੀ ਬੈਠਕ ਹੋਈ, ਪਰ ਕੋਈ ਨਤੀਜਾ ਨਿਕਲਦਾ ਤਾਂ ਨਹੀਂ ਦਿੱਸਿਆ, ਬਸ ਇਹ ਸਹਿਮਤੀ ਬਣੀ ਹੈ ਕਿ ਦੋਵਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਦੀ ਅਗਵਾਈ ਵਿੱਚ ਗੱਲਬਾਤ ਜਲਦੀ ਹੋਵੇਗੀ।

ਭਾਰਤ-ਚੀਨ ਫੌਜੀ ਕਮਾਂਡਰਾਂ ਦੀ ਇਹ ਗੱਲਬਾਤ ਜੂਨ ਦੇ ਅਖੀਰ ਜਾਂ ਜੁਲਾਈ ਦੇ ਸ਼ੁਰੂ ਵਿੱਚ ਹੋਵੇਗੀ। ਜਾਣਕਾਰਾਂ ਮੁਤਾਬਕ ਚੀਨ ਇਸ ਗੱਲਬਾਤ ਨੂੰ ਲੰਬੇ ਸਮੇਂ ਤਕ ਖਿੱਚਣ ਦੀ ਰਣਨੀਤੀ ਅਪਣਾ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਡਬਲਯੂ ਐਮ ਸੀ ਸੀ ਦੀ ਬੈਠਕ 31 ਮਈ 2022 ਨੂੰ ਹੋਈ ਤਾਂ ਭਾਰਤੀ ਦਲ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਐਡੀਸ਼ਨਲ ਸੈਕਟਰੀ (ਪੂਰਬੀ ਏਸ਼ੀਆ) ਨੇ ਕੀਤੀ। ਚੀਨੀ ਦਲ ਦੀ ਅਗਵਾਈ ਉੱਥੋਂ ਦੇ ਵਿਦੇਸ਼ ਮੰਤਰਾਲੇ ਵਿੱਚ ਸੀਮਾ ਅਤੇ ਸਮੁੰਦਰੀ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਕੀਤੀ। ਦੋਵਾਂ ਦਲਾਂ ਨੇ ਭਾਰਤ-ਚੀਨ ਸੀਮਾਈ ਸਥਿਤੀ ਦੀ ਚਰਚਾ ਕੀਤੀ।ਪਿਛਲੀ ਡਬਲਯੂ ਐਮ ਸੀ ਸੀ ਬੈਠਕ ਨਵੰਬਰ 2021 ਵਿੱਚ ਹੋਈ ਸੀ। ਇਸ ਪਿੱਛੋਂ ਦੋਵਾਂ ਦੇ ਫੌਜੀ ਕਮਾਂਡਰਾਂ ਦੀ ਬੈਠਕ ਜਨਵਰੀ 2022 ਅਤੇ ਮਾਰਚ 2022 ਵਿੱਚ ਵੀ ਹੋਈ ਸੀ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਮਾਰਚ 2022 ਵਿੱਚ ਭਾਰਤ ਦੀ ਯਾਤਰਾ ਕੀਤੀ ਸੀ। ਤਦ ਉਨ੍ਹਾਂ ਦੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਵੀ ਦੋ-ਪੱਖੀ ਗੱਲਬਾਤ ਹੋਈ ਸੀ।

# ਸਰਕਾਰ ਨਹੀਂ ਪਾਕਿ ਫੌਜ ਖੁਦ ਆਪਣਾ ਅਗਲਾ ਮੁਖੀ ਚੁਣੇਗੀ



ਇਸਲਾਮਾਬਾਦ, 1 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਵੰਬਰ ਵਿੱਚ ਰਿਟਾਇਰ ਹੋਣ ਵਾਲੇ ਹਨ। ਇਸ ਕਾਰਨਨਵੇਂ ਫੌਜ ਮੁਖੀ ਦੀ ਨਿਯੁਕਤੀ ਦੀ ਦੌੜ ਸ਼ੁਰੂ ਹੋ ਗਈ ਹੈ। ਸੰਵਿਧਾਨਕ ਤੌਰ ਉੱਤੇ ਫੌਜ ਦੇ ਮੁਖੀ ਦੀ ਨਿਯੁਕਤੀ ਪ੍ਰਧਾਨ ਮੰਤਰੀ ਕਰਦੇ ਹਨ, ਪਰ ਸ਼ਾਹਬਾਜ਼ ਸ਼ਰੀਫ ਦੀ ਇਸ ਪ੍ਰਕਿਰਿਆ ਵਿੱਚ ਭੂਮਿਕਾ ਮਹੱਤਵਹੀਣ ਰਹਿ ਸਕਦੀ ਹੈ। ਫੌਜ ਖੁਦ ਆਪਣੇ ਅਗਲੇ ਮੁਖੀ ਦੀ ਚੋਣ ਕਰੇਗੀ।

ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨੀ ਫੌਜ ਨਾ ਸਿਰਫ ਇਹ ਤੈਅ ਕਰਦੀ ਹੈ ਕਿ ਉਸ ਦਾ ਅਗਲਾ ਮੁਖੀ ਕੌਣ ਹੋਵੇਗਾ, ਸਗੋਂ ਸਮੁੱਚੇ ਸਰਕਾਰੀ ਕੰਮਾਂ ਵਿੱਚ ਵੀ ਵੱਡੀ ਭੂਮਿਕਾ ਰਹਿੰਦੀ ਹੈ। ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਹਟਾਉਣ ਲਈ ਵਿਰੋਧੀ ਧਿਰ ਵੱਲੋਂ ਜਦੋਂ ਮੋਰਚਾ ਖੋਲ੍ਹਿਆ ਗਿਆ ਤਾਂ ਫੌਜ ਨਿਰਪੱਖ ਹੋ ਗਈ, ਪਰ ਮੰਨਿਆ ਜਾਂਦਾ ਹੈ ਕਿ ਇਸ ਵੇਲੇ ਉਹ ਯੂ ਟਰਨ ਲੈ ਕੇ ਖੇਡ ਵਿੱਚ ਵਾਪਸੀ ਦਾ ਮਨ ਬਣਾ ਚੁੱਕੀ ਹੈ। ਮਾੜੀ ਅਰਥਵਿਵਸਥਾ ਤੇ ਵਧੀ ਮਹਿੰਗਾਈ ਵੀ ਫੌਜ ਲਈ ਚਿੰਤਾ ਦਾ ਵਿਸ਼ਾ ਹੈ। ਰਿਪੋਰਟ ਮੁਤਾਬਕ 'ਇਹ ਲਗਭਗ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਫੌਜ ਦੇ ਇਸ਼ਾਰਿਆਂ ਉੱਤੇ ਕੰਮ ਕਰਨਗੇ। ਦੇਸ਼ ਦੀ ਮਾੜੀ ਅਰਥਵਿਵਸਥਾ ਦੀ ਚਿੰਤਾ ਬਣੀ ਰਹੇਗੀ, ਕਿਉਂਕਿ ਕੋਈ ਵੀ ਸਿਆਸੀ ਤਾਕਤ ਬਿਨਾਂ ਪੈਸੇ ਦੇ ਫੌਜ ਨੂੰ ਸਰਬ ਉੱਚ ਬਣਾ ਕੇ ਨਹੀਂ ਰੱਖ ਸਕਦੀ।'' ਪਾਕਿਸਤਾਨ ਵਿੱਚ ਫੌਜੀ ਤਾਕਤ ਉਸ ਸਮੇਂ ਲੋਕਾਂ ਨੇ ਮਹਿਸੂਸ ਕੀਤੀ ਸੀ, ਜਦੋਂ ਇੰਟਰ ਸਰਵਿਸ ਪਬਲਿਕ ਰਿਲੇਸ਼ਨ (ਆਈ ਐਸ ਪੀ ਆਰ) ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਬਾਬਰ ਇਫਤਿਖਾਰ ਨੇ 14 ਅਪ੍ਰੈਲ ਨੂੰ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਫੌਜ ਮੁਖੀ ਜਨਰਲ ਬਾਜਵਾ ਅਤੇ ਆਈ ਐਸ ਆਈ ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਨਦੀਮ ਅੰਜੁਮ ਨੂੰ ਖੁਦ ਸੰਪਰਕ ਕਰ ਕੇ ਉਨ੍ਹਾਂ ਨੂੰ ਸਿਆਸੀ ਸੰਕਟ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਸੀ।

ਦੇਸ਼ ਦੀ ਤਾਜ਼ਾ ਹਾਲਤ ਨੂੰ ਇਮਰਾਨ, ਫੌਜੀ ਮੁਖੀ ਅਤੇ ਸਾਬਕਾ ਆਈ ਐਸ ਆਈ ਮੁਖੀ ਦਾ ਸ਼ਕਤੀ ਸੰਘਰਸ਼ ਮੰਨਿਆ ਜਾ ਰਿਹਾ ਸੀ। ਇਸ ਦੀ ਸ਼ੁਰੂਆਤ ਪਿਛਲੇ ਸਾਲ ਛੇ ਅਕਤੂਬਰ ਨੂੰ ਹੋ ਗਈ ਸੀ, ਜਦੋਂ ਇਮਰਾਨ ਦੇ ਭਰੋਸੇਯੋਗ ਲੈਫਟੀਨੈਂਟ ਜਨਰਲ ਹਮੀਦ ਨੂੰ ਟਰਾਂਸਫਰ ਕਰਦੇ ਹੋਏ ਉਨ੍ਹਾਂ ਦੀ ਥਾਂ ਲੈਫਟੀਨੈਂਟ ਜਨਰਲ ਅੰਜੁਮ ਨੂੰ ਖੁਫੀਆ ਏਜੰਸੀ ਆਈ ਐਸ ਆਈ ਦਾ ਮੁਖੀ ਬਣਾ ਦਿੱਤਾ ਗਿਆ ਸੀ।

## ਪਤੀ ਨਾਲ ਝਗੜੇ ਪਿੱਛੋਂ ਔਰਤ ਨੇ ਛੇ ਬੱਚੇ ਖੂਹ ਵਿੱਚ ਸੁੱਟ ਕੇ ਮਾਰੇ

ਮੁੰਬਈ, 1 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿੱਚ ਕੱਲ੍ਹ ਮਹਾਡ ਤਹਿਸੀਲ ਦੀ ਇੱਕ ਔਰਤ ਨੇ ਆਪਣੇ ਛੇ ਬੱਚਿਆਂ ਨੂੰ ਖੂਹ ਵਿੱਚ ਸੁੱਟ ਦਿੱਤਾ, ਜਿਸ ਕਾਰਨ ਸਾਰਿਆਂ ਦੀ ਮੌਤ ਹੋ ਗਈ। ਦੱਸਿਆ ਗਿਆ ਹੈ ਕਿ ਰੂਨਾ ਨਾਂ ਦੀ ਔਰਤ ਦਾ ਆਪਣੇ ਪਤੀ ਚਿਖੁਰੀ ਸਾਹਨੀ ਨਾਲ ਝਗੜਾ ਹੋ ਗਿਆ ਸੀ। ਇਸ ਪਿੱਛੋਂ ਕੱਲ੍ਹ ਰਾਤ ਕਰੀਬ 8 ਵਜੇ ਉਸ ਨੇ ਆਪਣੇ ਛੇ ਬੱਚਿਆਂ ਨੂੰ ਖੂਹ ਵਿੱਚ ਧੱਕਾ ਦੇ ਕੇ ਸੁੱਟ ਦਿੱਤਾ ਅਤੇ ਫਿਰ ਖੁਦ ਖੂਹ ਵਿੱਚ ਛਾਲ ਮਾਰ ਦਿੱਤੀ। ਜਦੋਂ ਰੂਨਾ ਖੂਹ ਵਿੱਚ ਛਾਲ ਮਾਰਨ ਲੱਗੀ ਤਾਂ ਉੱਥੋਂ ਲੰਘਦੇ ਇੱਕ ਵਿਅਕਤੀ ਨੇ ਉਸ ਨੂੰ ਦੇਖ ਕੇ ਰੌਲਾ ਪਾ ਕੇ ਪਿੰਡ ਵਾਲਿਆਂ ਨੂੰ ਇਕੱਠਾ ਕਰ ਲਿਆ। ਰੂਨਾ ਨੂੰ ਕੱਢ ਲਿਆ ਗਿਆ, ਪਰ ਮਾਸੂਮ ਬੱਚਿਆਂ ਨੂੰ ਬਚਾਇਆ ਨਹੀਂ ਜਾ ਸਕਿਆ। ਪੁਲਸ ਨੇ ਖੂਹ ਵਿੱਚੋਂ ਬੱਚਿਆਂ ਦੀਆਂ ਲਾਸ਼ਾਂ ਕੱਢ ਲਈਆਂ ਹਨ। ਰੂਨਾ ਦਾ ਪਤੀ ਸ਼ਰਾਬੀ ਹੈ ਅਤੇ ਉਸਦੀ ਕੁੱਟਮਾਰ ਕਰਦਾ ਸੀ। ਕੱਲ੍ਹ ਵੀ ਰੂਨਾ ਦਾ ਆਪਣੇ ਪਤੀ ਨਾਲ ਝਗੜਾ ਹੋਇਆ ਸੀ। ਰੂਨਾ ਦੀਆਂ ਪੰਜ ਧੀਆਂ ਅਤੇ ਇੱਕ ਪੁੱਤਰ ਸੀ।

## ਭਾਰਤੀ ਕੁੜੀਆਂ ਨੇ ਆਈ ਐਸ ਐਸ ਐਫ ਵਿਸ਼ਵ ਕੱਪ ਵਿੱਚ 10 ਮੀਟਰ ਏਅਰ ਰਾਈਫਲ ਵਿੱਚ ਸੋਨ ਤਮਗਾ ਜਿੱਤਿਆ



ਨਵੀਂ ਦਿੱਲੀ, 1 ਜੂਨ (ਪੋਸਟ ਬਿਊਰੋ)- ਭਾਰਤੀ ਮਹਿਲਾ ਨਿਸ਼ਾਨੇਬਾਜ਼ਾਂ ਦੀ ਤਿੱਕੜੀ ਐਲਾਵੈਨਿਲ ਵਲਾਰੀਵਨ, ਰਮਿਤਾ ਅਤੇ ਸ਼੍ਰੇਆ ਅਗਰਵਾਲ ਨੇ ਅਜ਼ਰਬਾਈਜਾਨ ਦੇ ਬਾਕੂ ਵਿੱਚ ਹੋ ਰਹੇ ਆਈ ਐਸ ਐਸ ਐਫ ਵਿਸ਼ਵ ਕੱਪ ਵਿੱਚ 10 ਮੀਟਰ ਏਅਰ ਰਾਈਫਲ ਟੀਮ ਮੁਕਾਬਲੇ ਵਿੱਚ ਦੇਸ਼ ਲਈ ਸੋਨ ਤਮਗਾ ਜਿੱਤਿਆ ਹੈ। ਉਨ੍ਹਾਂ ਨੇ ਡੈਨਮਾਰਕ ਦੀ ਐਨਾ ਨੀਲਸਨ, ਐਮਾ ਕੋਚ ਅਤੇ ਰਿਕੀ ਮੇਂਗ ਇਬਸਨ ਦੀ ਟੀਮ ਨੂੰ ਫਾਈਨਲ ਵਿੱਚ 17-5 ਦੇ ਵੱਡੇ ਫਰਕ ਨਾਲ ਹਰਾਇਆ। ਕਾਂਸੀ ਦਾ ਤਮਗਾ ਪੋਲੈਂਡ ਨੂੰ ਮਿਲਿਆ। ਵਿਸ਼ਵ ਦੀ ਸਾਬਕਾ ਨੰਬਰ ਇੱਕ ਐਲਾਵੈਨਿਲ, ਰਮਿਤਾ ਤੇ ਸ਼੍ਰੇਆ ਕੁਆਲੀਫਾਈਂਗ ਗੇੜ ਦੇ ਦੋ ਰਾਊਂਡਜ਼ ਮਗਰੋਂ ਫਾਈਨਲ ਵਿੱਚ ਪੁੱਜੀਆਂ ਸਨ।

ਇਸ ਮੁਕਾਬਲੇ ਵਿੱਚ ਭਾਰਤੀ ਤਿੱਕੜੀ ਦੀਆਂ ਖਿਡਾਰਨਾਂ ਕੁਆਲੀਫਾਈਂਗ ਗੇੜ ਵਿੱਚ ਨੌਂਵੇ ਸਾਟਸ ਵਿੱਚ 944.4 ਦੇ ਸਾਂਝੇ ਯਤਨ ਨਾਲ ਸਿਖਰ ਉੱਤੇ ਰਹੀਆਂ। ਉਦ ਦੂਜੇ ਗੇੜ ਵਿੱਚ ਉਹ ਡੈਨਮਾਰਕ ਤੋਂ ਪਛੜ ਗਈਆਂ ਸਨ। ਪੁਰਸ਼ਾਂ ਦੇ ਏਅਰ ਰਾਈਫਲ ਟੀਮ ਮੁਕਾਬਲੇ ਵਿੱਚ ਭਾਰਤ ਦੇ ਰੁਦਰਾਕਸ਼ ਪਾਟਿਲ, ਪਾਰਥ ਮਖੀਜਾ ਅਤੇ ਧਨੁਸ਼ ਸ੍ਰੀਕਾਂਤ ਕ੍ਰੋਏਸ਼ੀਆ ਖਿਲਾਫ ਕਾਂਸੀ ਦੇ ਤਮਗੇ ਲਈ ਮੈਚ ਵਿੱਚ 10-16 ਨਾਲ ਹਾਰ ਗਏ।

# ਕਰਾਊਨ ਚਿੱਟ ਫੰਡ ਕੰਪਨੀ ਦਾ ਐਮ ਡੀ ਗੁਜਰਾਤ ਤੋਂ ਕਾਬੂ

### * ਹਜ਼ਾਰਾਂ ਲੋਕਾਂ ਨਾਲ 10 ਹਜ਼ਾਰ ਕਰੋੜ ਦੀ ਠੱਗੀ ਦਾ ਮਾਮਲਾ



ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ ਕਰਾਊਨ ਚਿੱਟ ਫੰਡ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ (ਐਮ ਡੀ) ਜਗਜੀਤ ਸਿੰਘ ਨੂੰ ਗੁਜਰਾਤ ਵਿੱਚੋਂ ਗ੍ਰਿਫਤਾਰ ਕਰ ਲਿਆ ਹੈ। ਇਸ ਕੰਪਨੀ ਉੱਤੇ ਉਤਰੀ ਭਾਰਤ ਦੇ ਹਜ਼ਾਰਾਂ ਨਿਵੇਸ਼ਕਾਂ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ, ਜਿਸ ਦਾ ਸਾਲ 2015 ਵਿੱਚ ਭੇਦ ਖੁੱਲ੍ਹਾ ਸੀ। ਰੌਲਾ ਪੈਣ ਉੱਤੇ ਬਰਨਾਲਾ ਪੁਲਸ ਨੇ ਸਤੰਬਰ 2015 ਵਿੱਚ ਕੰਪਨੀ ਦੇ ਐਮ ਡੀ ਜਗਜੀਤ ਸਿੰਘ ਸਮੇਤ ਹੋਰ ਅੱਠ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਸੀ। ਸੱਤ ਸਾਲਾਂ ਮਗਰੋਂ ਕਰਾਊਨ ਕੰਪਨੀ ਫਿਰ ਚਰਚਾ ਵਿੱਚ ਹੈ।

ਵਰਣਨ ਯੋਗ ਹੈ ਕਿ ਕਰਾਊਨ ਚਿੱਟ ਫੰਡ ਕੰਪਨੀ ਨੇ ਸਭ ਤੋਂ ਵੱਧ ਠੱਗੀ ਮਾਲਵਾ ਖਿੱਤੇ ਦੇ ਲੋਕਾਂ ਨਾਲ ਕੀਤੀ ਤੇ ਇਕੱਲੇ ਮਾਲਵੇ ਵਿੱਚ ਦਰਜਨਾਂ ਦਫਤਰ ਖੋਲ੍ਹੇ ਸਨ। ਸਾਲ 2015 ਵਿੱਚ ਪੁਲਸ ਨੂੰ 470 ਸ਼ਿਕਾਇਤਾਂ ਮਿਲੀਆਂ ਸਨ। ਸਭ ਤੋਂ ਵੱਧ ਪੀੜਤ ਬਰਨਾਲਾ, ਸੰਗਰੂਰ ਤੇ ਬਠਿੰਡਾ ਖਿੱਤੇ ਦੇ ਲੋਕ ਸਨ। ਬੀਤੇ ਦਿਨੀਂ ਹਰਿਆਣਾ ਪੁਲਸ ਨੂੰ ਭਿਣਕ ਪਈ ਕਿ ਇਸ ਕੰਪਨੀ ਦਾ ਐਮ ਡੀ ਜਗਜੀਤ ਸਿੰਘ ਭੇਸ ਬਦਲ ਕੇ ਗੁਜਰਾਤ ਵਿੱਚ ਲੁਕਿਆ ਹੈ ਤੇ ਉਦੋਂ ਤੋਂ ਪੁਲਸ ਉਸ ਦੀ ਪੈੜ ਨੱਪ ਰਹੀ ਸੀ। ਜਾਣਕਾਰ ਸੂਤਰਾਂ ਅਨੁਸਾਰ ਜਗਜੀਤ ਸਿੰਘ ਨੇ ਆਪਣਾ ਹੁਲੀਆ ਬਦਲਿਆ ਹੋਇਆ ਸੀ। ਪਹਿਲਾਂ ਉਹ ਪਗੜੀਧਾਰੀ ਸਿੱਖ ਸੀ, ਅੱਜਕੱਲ੍ਹ ਕਲੀਨਸ਼ੇਵ ਹੈ। ਦੱਸਦੇ ਹਨ ਕਿ ਐਮ ਡੀ ਜਗਜੀਤ ਸਿੰਘ ਭਗੌੜਾ ਤੇ ਮੋਸਟ ਵਾਂਟਿਡ ਹੈ। ਕਰਾਊਨ ਚਿੱਟ ਫੰਡ ਦੇ ਨਿਵੇਸ਼ਕਾਂ ਨੇ ਇੱਕ ਸੰਘਰਸ਼ ਕਮੇਟੀ ਬਣਾਈ ਹੋਈ ਹੈ। ਵੱਡਾ ਕੇਸ ਹੋਣ ਕਰ ਕੇ ਓਦੋਂ ਪੰਜਾਬ ਪੁਲਸ ਨੇ ਸੀਨੀਅਰ ਅਫਸਰ ਨੌਨਿਹਾਲ ਸਿੰਘ ਦੀ ਅਗਵਾਈ ਵਿੱਚ ਸਾਲ 2016 ਵਿੱਚ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਬਣਾਈ ਸੀ। ਇਸ ਕੰਪਨੀ ਦੇ ਮੋਢੀਦੀ ਇੰਗਲੈਂਡ ਵਿੱਚ ਹੋਣ ਦੀ ਸੂਹ ਹੈ। ਪੰਜਾਬ ਪੁਲਸ ਹਰਿਆਣਾ ਪੁਲਸ ਤਕ ਪਹੁੰਚ ਕਰੇਗੀ ਕਿਉਂਕਿ ਦੋਸ਼ੀ ਪੰਜਾਬ ਵਿੱਚ ਲੋੜੀਂਦਾ ਹੈ। ਇਸ ਅਦਾਲਤ ਨੇ ਜਗਜੀਤ ਸਿੰਘ ਨੂੰ ਦਸ ਦਿਨਾਂ ਦੇ ਪੁਲਸ ਰਿਮਾਂਡ ਵਿੱਚ ਦਿੱਤਾ ਹੈ। ਹਰਿਆਣਾ ਪੁਲਸ ਨੇ 26 ਜਨਵਰੀ 2017 ਨੂੰ ਲੋਕਾਂ ਦੀ ਸ਼ਿਕਾਇਤ ਉੱਤੇ ਜਗਜੀਤ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਟੋਹਾਣਾ ਵਾਸੀ ਸੰਦੀਪ ਸਿੰਗਲਾ ਅਤੇ ਉਸ ਦੇ ਲੜਕੇ ਸੌਰਵ ਸਿੰਗਲਾ ਅਤੇ ਬੰਸੀ ਪਠਾਣਾ ਦੇ ਅਵਤਾਰ ਸਿੰਘ ਖਿਲਾਫ ਕੇਸ ਦਰਜ ਕੀਤਾ ਸੀ।ਪੰਜਾਬ ਸਰਕਾਰ ਨੇ ਪਰਲਜ਼ ਗਰੁੱਪ ਸਮੇਤ ਵੱਡੀਆਂ ਚਿੱਟ ਫੰਡ ਕੰਪਨੀਆਂ ਨੂੰ ਹੱਥ ਪਾਉਣ ਦੀ ਯੋਜਨਾਬੰਦੀ ਬਣਾਈ ਹੈ ਤਾਂ ਜੋ ਹਜ਼ਾਰਾਂ ਨਿਵੇਸ਼ਕਾਂ ਦਾ ਡੁੱਬਿਆ ਪੈਸਾ ਵਾਪਸ ਕਰਾਇਆ ਜਾ ਸਕੇ।

# ਮੰਕੀਪਾਕਸ ਨੂੰ ਮਹਾਮਾਰੀ ਕਹਿਣਾ ਜਲਦਬਾਜ਼ੀ: ਡਬਲਿਊ ਐਚ ਓ

ਜਨੇਵਾ, 1 ਜੂਨ (ਪੋਸਟ ਬਿਊਰੋ)- ਮੰਕੀਪਾਕਸ ਦੇ ਵਧਦੇ ਮਾਮਲੇ ਅਤੇ 24 ਦੇਸ਼ਾਂ ਵਿੱਚ 435 ਤੋਂ ਵੱਧ ਕੇਸਾਂ ਦੀ ਪੁਸ਼ਟੀ ਦੌਰਾਨ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਕਿਹਾ ਕਿ ਇਹ ਸ਼ੱਕਾ ਕਰਨਾ ਜਲਦਬਾਜ਼ੀ ਹੈ ਕਿ ਮੰਕੀਪਾਕਸ ਸੰਸਾਰਕ ਮਹਾਮਾਰੀ ਦਾ ਕਾਰਨ ਬਣ ਸਕਦਾ ਹੈ। ਡਬਲਯੂ ਐਚ ਓ ਅਨੁਸਾਰ ਅਫਰੀਕਾ ਤੋਂ ਬਾਹਰ ਗੈਰ ਮਹਾਮਾਰੀ ਦੇਸ਼ਾਂ ਵਿੱਚ ਮਾਮਲਿਆਂ ਵਿੱਚ ਸਪਾਈਕ ਨਾਲ ਸਬੰਧਤ ਕਈ ਜਾਣਕਾਰੀਆਂ ਦਾ ਪਤਾ ਅਜੇ ਨਹੀਂ ਲੱਗ ਸਕਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਾਇਰਸ ਨੂੰ ਕੋਵਿਡ-19 ਵਾਂਗ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਵਿੱਚ ਆਮ ਜਨਤਾ ਲਈ ਖਤਰਾ ਘੱਟ ਹੈ। ਡਬਲਯੂ ਐਚ ਓ ਦੇ ਡਾਇਰੈਕਟਰ ਸਿਲਵੀ ਬਰਾਇੰਡ ਨੇ ਇੱਕ ਬ੍ਰਫਿੰਗ ਮੌਕੇ ਕਿਹਾ ਕਿ ਅਸੀਂ ਨਹੀਂ ਚਾਹੁੰਦੇ ਕਿ ਲੋਕ ਘਬਰਾਉਣ ਜਾਂ ਡਰਨ ਤੇ ਸੋਚਣ ਕਿ ਇਹ ਕੋਵਿਡ-19 ਵਾਂਗ ਜਾਂ ਸ਼ਾਇਦ ਇਸ ਤੋਂ ਵੀ ਬਦਤਰ ਹੈ। ਮੰਕੀਪਾਕਸ ਕੋਰੋਨਾ ਵਾਂਗ ਨਹੀਂ, ਇਹ ਅਲੱਗ ਵਾਇਰਸ ਹੈ। ਸਿਹਤ ਮਾਹਿਰ ਵਾਇਰਸ ਦੇ ਜੀਨ ਦੇ ਬਾਰੇ ਸਪੱਸ਼ਟ ਨਹੀਂ ਹਨ। ਮੌਜੂਦਾ ਡਾਟੇ ਤੋਂ ਪਤਾ ਲੱਗਾ ਹੈ ਕਿ ਇਹ ਕੋਵਿਡ-19 ਅਤੇ ਆਰ ਐਨ ਏ ਵਾਇਰਸ ਵਾਂਗ ਦੂਸਰੇ ਵਾਇਰਸ ਦੀ ਤਰ੍ਹਾਂ ਆਸਾਨੀ ਨਾਲ ਪ੍ਰਸਾਰਿਤ ਨਹੀਂ ਹੁੰਦਾ। ਮੰਕੀਪਾਕਸ ਬਾਰੇ ਡਬਲਯੂ ਐਚ ਓ ਦੇ ਅਧਿਕਾਰੀ ਰੋਸਮੰਡ ਲੁਈਸ ਨੇ ਕਿਹਾ ਕਿ ਹਾਲੇ ਅਸੀਂ ਇਸ ਮਹਾਮਾਰੀ ਨੂੰ ਲੈ ਕੇ ਚਿੰਤਤ ਨਹੀਂ, ਪਰ ਉਨ੍ਹਾਂ ਮੰਨਿਆ ਕਿ ਵਧਦੇ ਕੇਸ ਉਨ੍ਹਾਂ ਦੀ ਚਿੰਤਾ ਦਾ ਕਾਰਨ ਸਨ। ਇਹ ਵਾਇਰਸ ਪਹਿਲੀ ਵਾਰ ਸਮਲਿੰਗੀ ਅਤੇ ਉਭਿਲਿੰਗੀ ਪੁਰਸ਼ਾਂ ਵਿੱਚ ਪਤਾ ਲੱਗਾ, ਹਾਲਾਂਕਿ ਵਾਇਰਸ ਨੂੰ ਯੌਨ ਸੰਚਾਰਿਤ ਰੋਗ ਵਾਂਗ ਪਰਿਭਾਸ਼ਿਤ ਨਹੀਂ ਕੀਤਾ ਗਿਆ। ਲੁਈਸ ਨੇ ਸਮਲਿੰਗੀ ਸੰਬੰਧ ਰੱਖਦੇ ਪੁਰਸ਼ਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ।

# 35 ਸਾਲ ਪਿੱਛੋਂ ਵੀ ਨਿਆਂ ਨਾ ਮਿਲਿਆ ਤਾਂ ਪੀੜਤਾ ਬੋਲੀ: ਮੈਨੂੰ ਭਾਰਤ ਭੇਜ ਦਿਓ



ਲਾਹੌਰ, 1 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਦੇ ਸ਼ਹਿਰ ਬਹਾਵਲਪੁਰ ਦੀ ਇੱਕ ਮੁਸਲਿਮ ਮਹਿਲਾ, ਜਿਸਦਾ ਭੂ-ਮਾਫੀਆ ਦੇ ਵਿਰੁੱਧ ਉਸਦੇ ਪੰਜ ਮਰਲੇ ਮਕਾਨ ਬਾਰੇ 35 ਸਾਲ ਤੋਂ ਵੱਧ ਸਮੇਂ ਤੋਂ ਕੇਸ ਚੱਲ ਰਿਹਾ ਹੈ, ਨੇ ਕੱਲ੍ਹ ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਕਿ ਜੇ ਉਸ ਨੂੰ ਨਿਆਂ ਨਹੀਂ ਮਿਲਦਾ ਤਾਂ ਉਸ ਨੂੰ ਭਾਰਤ ਭੇਜ ਦਿੱਤਾ ਜਾਵੇ।ਉਸ ਦੇ ਇਸ ਤਰ੍ਹਾਂ ਕਹਿਣ ਤੋਂ ਹਰ ਕੋਈ ਹੈਰਾਨ ਹੋ ਗਿਆ ਹੈ।

ਬਹਾਵਲਪੁਰ ਦੀ ਵਾਸੀ ਸ਼ਹਿਨਾਜ਼ ਬੀਬੀ ਨੇ ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਕਿ ਉਸ ਨੂੰ ਭਾਰਤ ਭੇਜ ਦਿੱਤਾ ਜਾਵੇ ਕਿਉਂਕਿ ਭਾਰਤ-ਪਾਕਿਸਤਾਨਵੰਡ ਦੇ ਸਮੇਂ ਭਾਰਤ ਤੋਂ ਪਾਕਿਸਤਾਨ ਆਏ ਮੁਸਲਮਾਨਾਂ ਨੂੰ ਪਾਕਿਸਤਾਨ ਸਰਕਾਰ ਚੰਗੀਆਂ ਸਹੂਲਤਾਂ ਦੇਣ ਵਿੱਚ ਅਸਫਲ ਰਹੀ ਹੈ।ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਅਮੀਰ ਭੱਟੀ ਨੇ ਕਿਹਾ ਕਿ ਭਾਰਤ ਭੇਜਣ ਬਾਰੇ ਉਹ ਕੋਈ ਟਿੱਪਣੀ ਨਹੀਂ ਕਰ ਸਕਦੇ, ਅਦਾਲਤ ਕੇਵਲ ਇਸ ਕੇਸ ਦੀ ਸੁਣਵਾਈ ਕਰ ਸਕਦੀ ਹੈ। ਇਸ ਦੌਰਾਨ ਜੱਜ ਨੇ ਮਹਿਲਾ ਦੇ ਨਾਲ ਅਨਿਆਂ ਉੱਤੇ ਵੀ ਅਫਸੋਸ ਪ੍ਰਗਟ ਕੀਤਾ।



# ਜੂਨ 1984 ਦੇ ਘੱਲੂਘਾਰੇ ਮੌਕੇ ਜ਼ਖ਼ਮੀ ਹੋਏ ਪਾਵਨ ਸਰੂਪ ਦੇ 5 ਜੂਨ ਤੱਕ ਕਰਵਾਏ ਜਾਣਗੇ ਦਰਸ਼ਨ

## *ਐਡਵੋਕੇਟ ਧਾਮੀ ਵੱਲੋਂ 6 ਜੂਨ ਦਾ ਸ਼ਹੀਦੀ ਸਮਾਗਮ ਕੌਮੀ ਇਕਜੁਟਤਾ ਨਾਲ ਮਨਾਉਣ ਦੀ ਅਪੀਲ

ਅੰਮ੍ਰਿਤਸਰ, 1 ਜੂਨ (ਗਿਆਨ ਸਿੰਘ) ਜੂਨ 1984 'ਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਇਸ ਵਾਰ ਵੀ 2 ਜੂਨ ਤੋਂ 5 ਜੂਨ ਤੱਕ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ। ਇਸ ਪਾਵਨ ਸਰੂਪ ਦੇ ਬੀਤੇ ਸਾਲ ਪਹਿਲੀ ਵਾਰ ਸੰਗਤ ਨੂੰ ਦਰਸ਼ਨ ਕਰਵਾਏ ਗਏ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੂਨ 1984 ਦਾ ਫ਼ੌਜੀ ਹਮਲਾ ਸਿੱਖ ਮਾਨਸਿਕਤਾ ਦਾ ਸਦੀਵ ਹਿੱਸਾ ਬਣ ਚੁੱਕਾ ਹੈ ਅਤੇ ਹਰ ਸਾਲ ਜੂਨ ਮਹੀਨਾ ਚੜਦਿਆਂ ਹੀ ਸਿੱਖ ਕੌਮ ਦੇ ਇਹ ਅੱਲੇ ਜ਼ਖ਼ਮ ਰਿਸਣ ਲੱਗਦੇ ਹਨ। ਉਨਾਂ ਕਿਹਾ ਕਿ ਇਸ ਫ਼ੌਜੀ ਹਮਲੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਸ਼ੋਭਿਤ ਪਾਵਨ ਸਰੂਪ ਨੂੰ ਗੋਲੀ ਨਾਲ ਜ਼ਖ਼ਮੀ ਕਰ ਦਿੱਤਾ ਗਿਆ ਸੀ, ਜਿਸ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਣਗੇ। ਉਨਾਂ ਦੱਸਿਆ ਕਿ ਇਸ ਪਾਵਨ ਸਰੂਪ ਨੂੰ 2 ਜੂਨ ਤੋਂ 5 ਜੂਨ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੁਸ਼ੋਭਿਤ ਕੀਤਾ ਜਾਵੇਗਾ। ਇਨਾਂ 4 ਦਿਨਾਂ ਵਿਚ ਸਵੇਰੇ ਤੋਂ ਲੈ ਕੇ ਸ਼ਾਮ



ਤੱਕ ਸੰਗਤਾਂ ਪਾਵਨ ਸਰੂਪ ਦੇ ਦਰਸ਼ਨ ਕਰ ਸਕਣਗੀਆਂ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੂਨ 1984 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ 'ਤੇ 6 ਜੂਨ ਦੇ ਸ਼ਹੀਦੀ ਸਮਾਗਮ ਨੂੰ ਕੌਮੀ ਇਕਜੁਟਤਾ ਨਾਲ ਮਨਾਉਣ ਦੀ ਅਪੀਲ ਕੀਤੀ ਹੈ। ਉਨਾਂ ਆਖਿਆ ਕਿ ਇਹ ਦਿਹਾੜਾ ਸਿੱਖ ਕੌਮ ਲਈ ਕਦੇ ਨਾ ਭੁਲਾਇਆ ਜਾਣ ਵਾਲਾ ਦੁਖਾਂਤ ਹੈ ਅਤੇ ਇਸ ਮੌਕੇ 'ਤੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਸਮੇਂ ਸੰਜੀਦਗੀ, ਸੁਹਿਰਦਤਾ ਅਤੇ ਗਹਿਰ-ਗੰਭੀਰਤਾ ਬੇਹੱਦ ਜ਼ਰੂਰੀ ਹੈ। ਉਨਾਂ ਸਮੁੱਚੀਆਂ ਸਿੱਖ ਜਥੇਬੰਦੀਆਂ ਤੇ ਸੰਗਤਾਂ ਨੂੰ 6 ਜੂਨ ਦਾ ਸ਼ਹੀਦੀ ਸਮਾਗਮ ਪੰਥਕ ਇਕਜੁਟਤਾ ਨਾਲ ਮਨਾਉਣ ਦਾ ਸੱਦਾ ਦਿੱਤਾ।

# ਫ਼ੌਜੀ ਦੀ ਪਤਨੀ ਖਿਲਾਫ਼ ਦਰਜ ਝੂਠਾ ਪਰਚਾ ਰੱਦ ਕਰਦਿਆਂ ਇਨਸਾਫ਼ ਦਿੱਤਾ ਜਾਵੇ : ਅਰਵਿੰਦਰ ਸ਼ਰਮਾ

ਅੰਮ੍ਰਿਤਸਰ, 1 ਜੂਨ (ਗਿਆਨ ਸਿੰਘ)- ਸਰਹੱਦਾਂ 'ਤੇ ਰਾਖੀ ਕਰਨ ਵਾਲੇ ਇਕ ਫ਼ੌਜੀ ਪ੍ਰਗਟ ਸਿੰਘ ਦੀ ਪਤਨੀ ਕੁਲਵਿੰਦਰ ਕੌਰ ਨੇ ਆਪਣੇ 'ਤੇ ਕੀਤੇ ਗਏ ਝੂਠੇ ਪਰਚੇ ਨੂੰ ਰੱਦ ਕਰਾਉਣ ਲਈ ਪੰਜਾਬ ਮਹਿਲਾ ਕਮਿਸ਼ਨ, ਡੀ ਜੀ ਪੀ ਅਤੇ ਪੁਲੀਸ ਕਮਿਸ਼ਨਰ ਅੰਮ੍ਰਿਤਸਰ ਨੂੰ ਗੁਹਾਰ ਲਗਾਈ ਹੈ।

ਭਾਜਪਾ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਜਨਰਲ ਸਕੱਤਰ ਅਰਵਿੰਦਰ ਸ਼ਰਮਾ ਦੀ ਮੌਜੂਦਗੀ ਵਿਚ ਪਿੰਡ ਝਾੜੂ ਨੰਗਲ ਤਹਿਸੀਲ ਬਾਬਾ ਬਕਾਲਾ ਦੀ ਮਹਿਲਾ ਕੁਲਵਿੰਦਰ ਕੌਰ ਨੇ ਦੱਸਿਆ ਕਿ ਉਸ ਵੱਲੋਂ ਪਿੰਡ ਦੇ ਸਰਪੰਚ ਵੱਲੋਂ ਕੀਤੀਆਂ ਜਾ ਰਹੀਆਂ ਘਪਲੇਬਾਜ਼ੀਆਂ ਬਾਰੇ ਕਾਨੂੰਨੀ ਰੁਖ ਅਖ਼ਤਿਆਰ ਕਰਦਿਆਂ ਇਕ ਸ਼ਿਕਾਇਤ ਸੰਬੰਧਿਤ ਅਧਿਕਾਰੀ ਨੂੰ ਦਿੱਤੀ ਗਈ। ਮਿਤੀ 10/ 05/ 22 ਨੂੰ ਜਦ



ਭਾਜਪਾ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਜਨਰਲ ਸਕੱਤਰ ਅਰਵਿੰਦਰ ਸ਼ਰਮਾ ਦੀ ਮੌਜੂਦਗੀ 'ਚ ਆਪਣੀ ਵਿਥਿਆ ਸੁਣਾਉਂਦੇ ਹੋਏ ਬੀਬੀ ਕੁਲਵਿੰਦਰ ਕੌਰ ਤੇ ਹੋਰ।

ਜ਼ਿਲ੍ਹਾ ਪ੍ਰੀਸ਼ਦ ਦੇ ਦਫ਼ਤਰ ਵਿਖੇ ਸਰਕਾਰੀ ਅਧਿਕਾਰੀ ਦੀ ਕੋਰਟ ਵਿਚ ਬਿਆਨ ਦਰਜ ਕਰਾਉਣ ਗਏ ਤਾਂ ਉੱਥੇ ਮੌਜੂਦ ਸਰਪੰਚ ਅਤੇ ਉਸ ਦੀ ਮਾਤਾ ਜਸਵੰਤ ਕੌਰ ਨਾਲ ਉਨ੍ਹਾਂ ਦਾ ਮਾਮੂਲੀ ਤਕਰਾਰ ਹੋਇਆ। ਇਸ ਮੌਕੇ ਕਿਸੇ ਨੂੰ ਵੀ ਕੋਈ ਸੱਟ ਨਹੀਂ ਲੱਗੀ ਸੀ। ਪਰ ਸਰਪੰਚ ਦੀ ਮਾਤਾ ਨੇ ਮੇਰੇ ਵੱਲੋਂ ਦਿੱਤੀ ਗਈ ਸ਼ਿਕਾਇਤ ਵਾਪਸ ਲੈਣ ਲਈ ਦਬਾਅ ਪਾਉਣ ਦੇ ਮਕਸਦ ਨਾਲ ਸੋਚੀ ਸਮਝੀ ਸਾਜ਼ਿਸ਼ ਤਹਿਤ ਝੂਠੀਆਂ ਸੱਟਾਂ ਦੇ ਅਧਾਰ 'ਤੇ ਮੈਡੀਕਲ ਰਿਪੋਰਟਾਂ ਪ੍ਰਾਪਤ ਕਰਦਿਆਂ ਸਥਾਨਕ ਥਾਣਾ ਸਿਵਲ ਲਾਈਨ ਵਿਖੇ ਮੇਰੇ ਕੁਲਵਿੰਦਰ ਕੌਰ ਸਮੇਤ ਹੋਰਨਾਂ ਵਿਰੁੱਧ ਮਿਤੀ 11/ 5/ 22 ਨੂੰ ਐਫ ਆਈ ਆਰ ਨੰ: 160 / 22 ਦਾ ਝੂਠਾ ਪਰਚਾ ਦਰਜ ਕਰਾ ਦਿੱਤਾ ਗਿਆ। ਇਹ ਕਿ ਪਰਚਾ ਝੂਠ ਅਤੇ ਮਨਘੜਤ ਕਹਾਣੀ 'ਤੇ ਅਧਾਰਿਤ ਹੈ। ਜਿਸ ਦੀ ਜਾਣਕਾਰੀ ਪੰਜਾਬ ਮਹਿਲਾ ਕਮਿਸ਼ਨ ਦੇ ਚੇਅਰਮੈਨ, ਡੀ ਜੀ ਪੀ ਪੰਜਾਬ ਨੂੰ ਵੀ ਦਿੱਤੀ ਗਈ। ਉਨ੍ਹਾਂ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਨੂੰ ਇਕ ਦਰਖਾਸਤ ਦਿੰਦਿਆਂ ਉਕਤ ਝੂਠਾ ਪਰਚਾ ਰੱਦ ਕਰਾਉਣ ਦੀ ਅਪੀਲ ਕੀਤੀ ਹੈ। ਭਾਜਪਾ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਜਨਰਲ ਸਕੱਤਰ ਅਰਵਿੰਦਰ ਸ਼ਰਮਾ ਨੇ ਕਿਹਾ ਕਿ ਬੀਬੀ ਕੁਲਵਿੰਦਰ ਕੌਰ ਨੂੰ ਹਰ ਹਾਲ 'ਚ ਇਨਸਾਫ਼ ਦਿਵਾਇਆ ਜਾਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 9178375961l9
647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ




# ਸਿੱਧੂ ਮੂਸੇਵਾਲਾ ਨਾਲ ਵਾਪਰੀ ਘਟਨਾ ਮਗਰੋਂ ਗਾਇਕ ਮੀਕਾ ਸਿੰਘ ਦੀ ਸੁਰੱਖਿਆ ਵਧਾਈ



ਜੋਧਪੁਰ, 1 ਜੂਨ (ਪੋਸਟ ਬਿਊਰੋ)- ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਜੋਧਪੁਰ ਵਿੱਚ ਗਾਇਕ ਮੀਕਾ ਸਿੰਘ ਦੀ ਪੁਲਸ ਸੁਰੱਖਿਆ ਵਧਾ ਦਿੱਤੀ ਗਈ ਹੈ। ਮੀਕਾ ਇਨ੍ਹੀਂ ਦਿਨੀਂ ਜੋਧਪੁਰ ਵਿੱਚ ਇੱਕ ਰਿਐਲਿਟੀ ਸ਼ੋਅ ਦੀ ਸੂਟਿੰਗ ਕਰ ਕਹੇ ਹਨ। ਜੋਧਪੁਰ ਦੇ ਕਮਿਸ਼ਨਰ ਨੇ ਮੀਕਾ ਸਿੰਘ ਦੀ ਸੁਰੱਖਿਆ ਲਈ ਪੁਲਸ ਲਾ ਦਿੱਤੀ ਹੈ। ਕੱਲ੍ਹ ਰਾਤ ਮੀਕਾ ਦੇ ਹੋਟਲ ਵਿੱਚ 50 ਜਵਾਨ ਤਾਇਨਾਤ ਸਨ। ਸ਼ੂਟਿੰਗ ਦੌਰਾਨ ਉਥੇ ਸੁਰੱਖਿਆ ਦੇ ਪੱਕੇ ਪ੍ਰਬੰਧ ਦੇਖੇ ਗਏ। ਹੋਟਲ ਦੇ ਅੰਦਰ ਅਤੇ ਬਾਹਰ ਪੁਲਸ ਵਾਲੇ ਤਾਇਨਾਤ ਸਨ ਅਤੇ ਹੋਟਲ ਉੱਤੇ ਡਰੋਨ ਨਾਲ ਨਜ਼ਰ ਰੱਖੀ ਜਾ ਰਹੀ ਹੈ।

ਡੀ ਸੀ ਪੀ ਨੇ ਦੱਸਿਆ ਕਿ ਸਿੱਧੂ ਮੂਸੇਵਾਲ ਦੇ ਕਤਲ ਪਿੱਛੋਂ ਮੀਕਾ ਸਿੰਘ ਨੂੰ ਚੌਕਸੀ ਵਜੋਂ ਸੁਰੱਖਿਆ ਦਿੱਤੀ ਗਈ ਹੈ, ਪਰ ਮੀਕੇਨੇ ਕੋਈ ਮੰਗ ਨਹੀਂ ਕੀਤੀ। ਇਸ ਤੋਂ ਪਹਿਲਾਂ ਮੂਸੇਵਾਲਾ ਦੇ ਕਤਲ ਪਿੱਛੋਂ ਮੀਕਾ ਸਿੰਘ ਨੇ ਲਾਰੈਂਸ ਗਰੁੱਪ ਵੱਲੋਂ ਲਿਖੀ ਪੋਸਟ ਸਾਂਝੀ ਕਰਦੇ ਹੋਏ ਲਿਖਿਆ ਸੀ ਕਿ‘ਇਸ ਪੇਜ ਨੂੰ ਬੈਨ ਕਰਵਾ ਦੇਣਾ ਚਾਹੀਦਾ ਹੈ। ਉਸ ਨੇ ਆਪਣੇ ਟਵਿੱਟਰ ਹੈਂਡਲ ਉੱਤੇ ਲਗਾਤਾਰ ਪੋਸਟ ਕਰ ਕੇ ਕਤਲ ਦੀ ਨਿੰਦਾ ਕੀਤੀ ਹੈ।' ਮੀਕਾ ਦੇ ਟਵੀਟ ਪਿੱਛੋਂ ਜੋਧਪੁਰ ਪੁਲਸ ਚੌਕਸ ਹੋ ਗਈ ਹੈ। ਹੋਟਲ ਉਮੈਦ ਪੈਲੇਸ ਵਿੱਚ ਸੁਰੱਖਿਆ ਵਜੋਂ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਮੀਕਾ ਨੇ ਸਿੱਧੂ ਮੂਸੇਵਾਲਾ ਦੇ ਕਤਲ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਚਾਰ-ਪੰਜ ਪੋਸਟਾਂ ਅਪਲੋਡ ਕੀਤੀਆਂ ਹਨ।

